੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

੧੪ ਤੋਂ ੨੦ ਭਾਦਰੋਂ ੨੦੭੫

ਵੀਰਵਾਰ


30 Aug. to 5 Sep. 2018

ਜਿਲਦ 26

ਨੰਬਰ 20

Total Pages 28


## ਕ੍ਰਿਸ਼ਨ ਜਨਮ ਅਸ਼ਟਮੀ ਨੂੰ ਸਮਰਪਿਤ



# ਰਾਏਕੋਟ ਮੇਲੇ ਦੀਆਂ ਕੁਝ ਝਲਕੀਆਂ














# ਸਤਿਜੁਗ

੧੪ ਤੋਂ ੨੦ ਭਾਦਰੋਂ, ੨੦੭੫ ਬ੍ਰਿ.
30 ਅਗਸਤ ਤੋਂ 5 ਸਤੰਬਰ 2018 ਈ:
ਜਿਲਦ 26,ਵੀਰਵਾਰ ਨੰਬਰ 20

**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015
E-mail : satjug@sribhainisahib.com
Website: www.satjugonline.com

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
**Date of Publication: 29-08-2018,**
**Date of Posting: 30-31 Aug. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਸੰਪਾਦਕੀ-- ਕੱਲਰ ਵਿੱਚ ਕੰਵਲ
ਸੇਵਕ ਹਰਪਾਲ ਸਿੰਘ............4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ............6
* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ............6
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ............7
* ਮਥੁਰਾ ਮੰਡਲ ਕੇ ਬਿਖੈ...
ਮਹਾਰਾਜ ਬੀਰ ਸਿੰਘ ਜੀ ............9
* ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ
ਦਵਿੰਦਰ ਸਿੰਘ ਗਿੱਲ (ਜੀਆ ਨੱਥਾ)............12
* ਕਾਵਿ ਕਿਆਰੀ ............17
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ .......ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ............19
* ਸੁੱਚੇ ਮੋਤੀ ............21
* ਬੱਚਿਆਂ ਦਾ ਪੰਨਾ............22
* ਖ਼ਬਰਨਾਮਾ............23

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੨੦(1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।     ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਕੱਲਰ ਵਿਚ ਕੰਵਲ

ਹਰ ਦੇਸ਼, ਕੌਮ ਜਾਂ ਪਾਰਟੀ ਵਿਚ ਚੰਗੇ ਵਿਅਕਤੀ ਵੀ ਹੁੰਦੇ ਹਨ ਅਤੇ ਬੁਰੇ ਵੀ। ਸਮੂਹਿਕ ਤੌਰ ’ਤੇ ਕਿਸੇ ਜਾਤੀ, ਕੌਮ, ਸੰਸਥਾ ਨੂੰ ਬੁਰਾ ਜਾਂ ਭਲਾ ਨਹੀਂ ਕਿਹਾ ਜਾ ਸਕਦਾ। ਕੋਈ ਵੀ ਵਿਅਕਤੀ ਜਨਮ ਜਾਂ ਜਾਤ ਕਰਕੇ ਮਹਾਨ ਨਹੀਂ ਹੁੰਦਾ ਸਗੋਂ ਕਰਮ ਕਰਕੇ ਮਹਾਨ ਹੁੰਦਾ ਹੈ। ਕਾਂ ਅਟਾਰੀ ਤੇ ਬੈਠ ਕੇ ਗਰੁੜ ਨਹੀਂ ਬਣ ਸਕਦਾ ਅਤੇ ਕੰਵਲ ਦਾ ਫੁੱਲ ਚਿੱਕੜ ਵਿੱਚ ਵੀ ਪੈਦਾ ਹੋ ਕੇ ਸੁੰਦਰਤਾ ਦੀ ਮਿਸਾਲ ਕਾਇਮ ਕਰਦਾ ਹੈ।

ਬੇਸ਼ੱਕ ਆਜ਼ਾਦੀ ਤੋਂ ਬਾਅਦ ਸਾਡੇ ਭਾਰਤ ਦੇਸ਼ ਨੂੰ ਅਜਿਹੇ ਨੇਕ ਸੁਹਿਰਦ ਅਤੇ ਕੌਮ ਪ੍ਰਸਤ ਨੇਤਾ ਬਹੁਤ ਘੱਟ ਮਿਲੇ, ਜੋ ਦੇਸ਼ ਨੂੰ ਗਰੀਬੀ ਅਤੇ ਜ਼ਹਾਲਤ ਦੀ ਖੱਡ ’ਚੋਂ ਕੱਢ ਕੇ ਉੱਨਤੀ ਦੀ ਸਿਖ਼ਰ ਵੱਲ ਲੈ ਜਾਂਦੇ । ਸਕੀਰਣ ਅਤੇ ਸਵਾਰਥੀ ਸੋਚ ਹੀ ਉਨ੍ਹਾਂ ਤੇ ਭਾਰੀ ਰਹੀ। 1946-47 ਵਿਚ ਸਾਡੇ ਰਾਸ਼ਟਰੀ ਨੇਤਾਵਾਂ ਨੇ ਪਹਿਲਾਂ ਤਾਂ ਲੋਕਾ ਨੂੰ ਇਹ ਆਖ ਕੇ ਭੁਲੇਖੇ ਵਿਚ ਰੱਖਿਆ ਕਿ ਦੇਸ਼ ਦੀ ਵੰਡ ਜੇ ਹੋ ਸਕਦੀ ਹੈ ਤਾਂ ਸਾਡੀ ਲਾਸ਼ ’ਤੇ ਹੋ ਸਕਦੀ ਹੈ ਪਰ ਬਾਅਦ ਵਿਚ ਬਿਨਾਂ ਸੁਰੱਖਿਆ ਦਾ ਪ੍ਰਬੰਧ ਕੀਤੇ ਲੱਖਾਂ ਦੇਸ਼ ਵਾਸ਼ੀਆਂ (ਪੰਜਾਬੀਆਂ ਅਤੇ ਬੰਗਾਲੀਆਂ) ਦਾ ਘਰੋਂ ਬੇਘਰ ਹੋਣਾ ਉੱਜੜਨਾ ਅਤੇ ਮਰਨਾ ਪ੍ਰਵਾਨ ਕਰਕੇ ਬਰਤਾਨਵੀ ਹਾਕਮਾਂ ਨਾਲ ਸੌਦੇਬਾਜ਼ੀ ਕਰਕੇ ਦੇਸ਼ ਦੇ ਟੁੱਕੜੇ ਹੋਣਾ ਪਰਵਾਨ ਕਰ ਲਿਆ। ਆਜ਼ਾਦ ਭਾਰਤ ਦੀ ਵਾਗਡੋਰ ਉਨ੍ਹਾਂ ਲੋਕਾਂ ਦੇ ਹੱਥ ਵਿਚ ਆਈ ਜਿੰਨ੍ਹਾਂ ਨੇ ਰਾਜ ਕਰਨ ਦੀ ਟਰੇਨਿੰਗ ਵਿਦੇਸ਼ੀ ਹਾਕਮਾਂ ਦੀ ਸਰਪ੍ਰਸਤੀ ਵਿਚ ਲਈ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿੱਚ ਰਿਕਾਰਡ ਹੈ ਕਿ ਹਿੰਦੂਆਂ ਮੁਸਲਮਾਨਾ ਨੇ ਖੱਦਰ ਦੀਆਂ ਟੋਪੀਆਂ ਪਾ ਲਈਆਂ ਸਿੱਖਾਂ ਨੇ ਖੱਦਰ ਦੀਆਂ ਪੱਗਾਂ ਬੰਨ੍ਹ ਲਈਆਂ। ਉਹ ਅੰਗਰੇਜ਼ ਰਾਜ ਵੇਲੇ ਵੀ ਹਕੂਮਤ ਕਰਦੇ ਸਨ ਜੋ ਹੁਣ ਵੀ ਰਾਜ ਕਰਦੇ ਹਨ।

ਬਰਤਾਨਵੀ ਹਾਕਮ ਆਪਣੇ ਦੇਸ਼ ਅਤੇ ਕੌਮ ਲਈ ਵਫ਼ਾਦਾਰ ਵੀ ਸਨ ਅਤੇ ਸੁਹਿਰਦ ਵੀ। ਪਰ ਉਹ ਸਾਡੇ ਦੇਸ਼ ਲਈ ਲੁਟੇਰੇ ਅਤੇ ਜ਼ਾਲਮ ਸਨ। ਭਾਰਤ ਵਾਸੀ ਉਹਨਾਂ ਲਈ ਬੇਗਾਨੇ ਸਨ, ਗੁਲਾਮ ਸਨ। ਭਾਰਤ ਵਾਸੀਆਂ ਲਈ ਉਹਨਾਂ ਦੇ ਹਿਰਦੇ ਵਿਚ ਅਪਣੱਤ ਅਤੇ ਹਮਦਰਦੀ ਨਹੀਂ ਸੀ। ਜੇ ਕਿਤੇ ਭਾਰਤ ਵਾਸੀ ਇਕੱਠੇ ਹੋ ਕੇ ਆਪਣਾ ਦੁੱਖ ਸਾਂਝਾ ਕਰਦੇ ਤਾਂ ਅੰਗਰੇਜ਼ ਹਾਕਮ ਅੰਨ੍ਹੇਵਾਹ ਗੋਲੀਆਂ ਨਾਲ ਉਨ੍ਹਾਂ ਨੂੰ ਖਦੇੜ ਦਿੰਦੇ। 'ਪਾੜੋ ਅਤੇ ਰਾਜ ਕਰੋ' ਦੀਆਂ ਕੁਟਲ ਨੀਤੀਆਂ ਨਾਲ ਹੀ ਉਹ ਭਾਰਤ ਤੇ ਕਾਬਜ਼ ਹੋਏ ਹਨ ਅਤੇ ਏਸੇ ਨੀਤੀ ਤਹਿਤ ਹੀ ਉਨ੍ਹਾਂ ਲੰਬਾਂ ਸਮਾਂ ਭਾਰਤ ’ਤੇ ਰਾਜ ਕੀਤਾ। ਸਾਡੇ ਆਜ਼ਾਦ ਭਾਰਤ ਦੇ ਰਾਜ ਨੇਤਾਵਾਂ ਨੇ ਵੀ ਧਰਮ, ਜਾਤੀ ਅਤੇ ਇਲਾਕੇ ਦੇ ਅਧਾਰ ਤੇ ਲੋਕਾਂ ਨੂੰ ਪਾੜ ਕੇ ਆਪਣਾ ਵੋਟ ਬੈਂਕ ਮਜ਼ਬੂਤ ਕੀਤਾ ਅਤੇ ਕਰ ਰਹੇ ਹਨ। ਅੰਗਰੇਜ਼ ਹਾਕਮ ਭਾਰਤ ਦਾ ਧਨ ਲੁੱਟ ਕੇ ਇੰਗਲੈਂਡ ਵਿੱਚ ਲੈ ਜਾਂਦੇ ਸਨ ਅਤੇ ਸਾਡੇ ਨੇਤਾ ਉਸ ਤੋਂ ਵੀ ਕਿਤੇ ਵੱਧ ਭਾਰਤ ਦਾ ਧਨ ਸਵਿੱਜ਼ ਬੈਂਕਾਂ ਵਿਚ ਭੇਜ ਚੁੱਕੇ ਹਨ। ਨਾ ਹੀ ਸਾਡੇ ਨੇਤਾਵਾਂ ਨੂੰ ਦੇਸ਼ਵਾਸੀਆਂ ਪ੍ਰਤੀ ਆਪਣੀ ਅਪੱਣਤ ਜਾਂ ਹਮਦਰਦੀ ਹੈ। ਅਤੇ ਨਾ ਹੀ ਲੋਕਾਂ ਵਿਚ ਉਹਨਾਂ ਪ੍ਰਤੀ ਸਤਿਕਾਰ ਹੈ। ਇਹੋ ਕਾਰਨ ਹੈ ਕਿ ਸਾਡੇ ਗਵਾਂਡੀ ਦੇਸ਼ ਥਾਈਲੈਂਡ ਦੀ ਕਰੰਸੀ ਸਾਡੇ ਤੋਂ ਅੱਧ ਵਿੱਚ ਸੀ। ਸਾਡੇ ਇਕ ਰੁਪਏ ਦੇ ਬਰਾਬਰ ਦੋ ਥਾਈ ਬਾਟ (ਰੁਪਏ) ਸਨ - ਪਰ ਹੁਣ ਇਕ ਥਾਈ ਬਾਟ ਦੇ ਬਰਾਬਰ ਭਾਰਤ ਦੇ ਦੋ ਰੁਪਏ ਹਨ। ਗਰੀਬੀ ਅਤੇ ਸੰਘਣੀ ਆਬਾਦੀ ਦੀ ਮਾਰ ਹੇਠ ਦੱਸਿਆ ਚੀਨ ਅੱਜ ਵਿਸ਼ਵ ਦੀ ਮੋਹਰੀ ਤਾਕਤ ਬਣ ਰਿਹਾ ਹੈ। ਚੀਨ ਦੇ ਨੇਕ ਅਤੇ ਸੁਹਿਰਦ ਨੇਤਾਵਾਂ ਨੇ ਆਬਾਦੀ ਦੀ ਸਮੱਸਿਆ ਨੂੰ ਆਪਣੀ ਸ਼ਕਤੀ ਬਣਾ ਲਿਆ। ਪਰ ਸਾਡੇ ਰਾਸ਼ਟਰ ਨੇਤਾ ਤਾਂ ਇਕ ਕਹਾਵਤ ਅਨੁਸਾਰ - ਅੰਧੇ ਭੀ ਹੈਂ ਔਰ ਸੋ ਭੀ ਰਹੇ ਹੈਂ।

ਅਜਿਹੇ ਕੱਲਰੀ ਦੌਰ ਵਿਚ ਵੀ ਸਾਡੇ ਕਈ ਰਾਸ਼ਟਰ ਨੇਤਾ ਹਨ੍ਹੇਰੀ ਰਾਤ ਵਿਚ ਸਿਤਾਰਿਆਂ ਦੀ ਤਰ੍ਹਾਂ ਚਮਕਦੇ ਹਨ। ਉਨ੍ਹਾਂ ਦੇ ਗੁਣਾਂ ਦੀ ਮਹਿਕ, ਵਿਚਾਰਾਂ ਦੇ ਪਰਕਾਸ਼ ਨੇ ਆਪਣੇ ਆਪਣੇ ਸਮੇਂ ਆਪਣੀ ਸਮਰੱਥਾ ਅਨੁਸਾਰ ਕੁਝ ਹਨ੍ਹੇਰਾ ਦੂਰ

ਕੀਤਾ। ਬੇਸ਼ੱਕ ਜਿੰਨਾ ਕੁ ਉਹ ਕਰ ਸਕਦੇ ਸਨ ਸਾਡੇ ਗੰਦਲੇ ਵਾਤਾਵਰਣ ਨੇ ਉਹਨਾਂ ਨੂੰ ਆਪਣੇ ਸੁਪਨਿਆਂ ਦਾ ਸਮਾਜ ਸਿਰਜਣ ਨਾ ਦਿੱਤਾ।ਇਹਨਾਂ ਵਿਚ ਕੁਝ ਸਤਿਕਾਰ ਯੋਗ ਨਾਮ ਵਰਣਨ ਯੋਗ ਹਨ। ਆਜ਼ਾਦ ਭਾਰਤ ਦੇ ਪਹਿਲੇ ਰਾਸਟਰਪਤੀ ਰਾਜ ਰਿਸ਼ੀ ਡਾ: ਰਾਜਿੰਦਰ ਪ੍ਰਸ਼ਾਦ, ਵਿਦਿਆ ਮਾਰਤੰਡ ਡਾ: ਰਾਧਾ ਕ੍ਰਿਸ਼ਨਨ। ਜੈ ਜਵਾਨ ਜੈ ਕਿਸਾਨ ਦਾ ਨਾਅਰਾ ਬੁਲੰਦ ਕਰਨ ਵਾਲੇ ਸ੍ਰੀ ਲਾਲ ਬਹਾਦੁਰ ਸ਼ਾਸਤਰੀ ਜੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚ ਰਿਕਾਰਡ ਹੈ ਕਿ ਜਿੰਨਾ ਕੰਮ ਪੰਡਿਤ ਜਵਾਹਰ ਲਾਲ ਨਹਿਰੂ ਨੇ 18 ਸਾਲਾਂ ਵਿੱਚ ਕੀਤਾ, ਓਨ੍ਹਾਂ ਕੰਮ ਸ਼ਾਸ਼ਤ੍ਰੀ ਜੀ ਨੇ 18 ਮਹੀਨਿਆਂ ਵਿਚ ਕਰ ਵਿਖਾਇਆ ਹੈ। ਜੇ ਉਹ ਹੋਰ ਜਿਉਂਦੇ ਰਹਿੰਦੇ ਤਾਂ ਉਹ ਦੇਸ਼ ਦੀ ਕਾਇਆ ਕਲਪ ਕਰ ਦਿੰਦੇ। ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਡਾ.ਮਨਮੋਹਨ ਸਿੰਘ ਜੀ ਜਿੰਨ੍ਹਾਂ ਦੀ ਸਿਆਣਪ ਦਾ ਸਿੱਕਾ ਵਿਸ਼ਵ ਪ੍ਰਸਿੱਧ ਹੈ। ਜੋ ਸਿਆਣਪ ਸਾਦਗੀ ਤੇ ਨੇਕੀ ਦੀ ਤ੍ਰਿਮੂਰਤੀ ਹੈ। -ਮਹਾਨ ਵਿਗਿਆਨੀ ਮਿਜ਼ਾਈਲ ਮੈਨ ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਜਿਨ੍ਹਾਂ ਨੂੰ ਜੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਸਰਬ-ਸੰਮਤੀ ਨਾਲ ਅਖ਼ੀਰ ਤੱਕ ਰਾਸਟਰਪਤੀ ਦਾ ਅਹੁਦਾ ਭੇਂਟ ਕਰਦੀਆਂ ਤਾਂ ਉਨ੍ਹਾਂ ਪਾਰਟੀਆਂ ਦੀ ਸ਼ੋਭਾ ਵਧਦੀ। ਲੋਕਾਂ ਦੇ ਦਿਲਾਂ ਤੱਕ ਰਾਜ ਕਰਨ ਵਾਲੇ ਲੋਕ ਭਲਾਈ ਸੇਵਕ ਸ੍ਰੀ ਕੇਜਰੀਵਾਲ ਜਿੰਨ੍ਹਾਂ ਨੂੰ ਸਮਾਜ ਸੇਵਾ ਲਈ ਅੰਤਰ-ਰਾਸ਼ਟਰੀ ਸੰਸਥਾ ਵੱਲੋਂ ਸਨਮਾਨ ਵਿਚ ਲੱਖਾਂ ਰੁਪਏ ਦੀ ਰਾਸ਼ੀ ਮਿਲੀ ਤਾਂ ਉਹ ਵੀ ਉਹਨਾਂ ਨੇ ਲੋਕ ਸੇਵਾ ਵਿਚ ਖ਼ਰਚ ਕਰ ਦਿੱਤੀ। ਇੱਕ ਸਾਫ਼ ਸੁਥਰੇ ਪਰਸ਼ਾਸਨ ਦਾ ਸੰਕਲਪ ਦਿੱਤਾ। ਸਾਰੀਆਂ ਪਾਰਟੀਆਂ ਵੱਲੋਂ ਇੱਕ ਜੁੱਟ ਹੋ ਕੇ ਕੇਜਰੀਵਾਲ ਦਾ ਵਿਰੋਧ ਕਰਨਾ ਉਹਨਾਂ ਦੀ ਵਿਲੱਖਣ ਸ਼ਖ਼ਸੀਅਤ ਦਾ ਪ੍ਰਮਾਣ ਹੈ। ਇਸੇ ਤਰ੍ਹਾਂ ਦੇ ਨੇਕ ਅਤੇ ਕੌਮ ਪ੍ਰਸਤ ਰਾਜ ਨੇਤਾਵਾਂ ਦੀ ਲੜੀ ਵਿੱਚ ਚਮਕਦੇ ਸਿਤਾਰੇ ਹਨ -ਸ੍ਰੀ ਅਟਲ ਬਿਹਾਰੀ ਵਾਜਪਾਈ- ਜੋ ਪਿਛਲੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ। ਵਾਜਪਈ ਜੀ ਸ਼ਾਂਤੀ ਅਤੇ ਸਾਂਝੀਵਾਲਤਾ ਦੀ ਸਾਕਾਰ ਮੂਰਤ ਸਨ । ਉਹ ਦਿਲ ਤੋਂ ਬੋਲਦੇ ਸਨ ਅਤੇ ਸਰੋਤਿਆਂ ਦੇ ਦਿਲਾਂ 'ਤੇ ਛਾ ਜਾਂਦੇ ਸਨ। ਸੰਕੀਰਣਤਾ ਜਾਂ ਕੱਟੜਤਾ ਉਨ੍ਹਾਂ ਨੂੰ ਛੂਹ ਨਹੀਂ ਸੀ ਸਕਦੀ। ਨਿਰਮਾਣਤਾ ਏਨੀ ਕੇ ਵਾਜਪਾਈ ਜੀ ਨੇ ਹਰੀਸ਼ ਅਰੋੜਾ ਜੀ ਨੂੰ ਸੰਦੇਸ਼ ਭੇਜਿਆ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ, ਜਦੋਂ ਦਿੱਲੀ ਆਉਣ ਤਾਂ ਮੈਨੂੰ ਪਤਾ ਦੇਣਾ। ਇੱਕ ਵਾਰ ਸ੍ਰੀ ਸਤਿਗੁਰੂ ਜੀ ਸ਼ਾਮ ਨੂੰ ਦਿੱਲੀ ਪੁੱਜੇ। ਅਗਲੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਰਮੇਸ਼ ਨਗਰ ਦਰਸ਼ਨ ਦਿੱਤੇ ।ਸੂਰਜ ਚੜ੍ਹਦੇ ਨਾਲ ਵਾਪਸ ਮਾਨਸਰੋਵਰ ਗਾਰਡਨ ਆਏ ਤਾਂ ਚੁਫ਼ੇਰੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਦੱਸਿਆ ਕਿ ਪ੍ਰਧਾਨ ਮੰਤਰੀ ਸ੍ਰੀ ਅਟੱਲ ਜੀ ਆ ਰਹੇ ਹੈਂ। ਵਾਜਪਾਈ ਜੀ ਨੇ ਬੜੀ ਆਸਥਾ ਅਤੇ ਪ੍ਰੇਮ ਭਾਵਨਾ ਨਾਲ ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸੇ। ਨਾਮਧਾਰੀ ਦਰਬਾਰ ਦੇ ਮੁਖੀ ਸੱਜਣਾਂ ਕਿਹਾ ਕਿ ਤੁਸੀਂ ਸਾਨੂੰ ਪਹਿਲੋਂ ਪਤਾ ਦੇਂਦੇ ਤਾਂ ਅਸੀਂ ਤੁਹਾਡੇ ਸੁਆਗਤ ਦਾ ਉਚੇਚਾ ਪ੍ਰਬੰਧ ਕਰਦੇ। ਵਾਜਪਾਈ ਜੀ ਕਹਿਣ ਲੱਗੇ , "ਮੈਂ ਗੁਰੂ ਜੀ ਕੇ ਦਰਸ਼ਨ ਕਰਨੇ ਆਇਆਂ ਹੂੰ ਜਹਾਂ ਤੋ ਸੇਵਕ ਬਣ ਕਰ ਆਨਾ ਚਾਹੀਏ। ਮੈਂ ਤੋ ਭੈਣੀ ਸਾਹਿਬ ਆ ਕਰ ਰਾਤ ਰਹਿ ਕੇ ਅੰਮ੍ਰਿਤ ਵੇਲੇ ਆਸਾ ਕੀ ਵਾਰ ਕਾ ਕੀਰਤਨ ਸੁਨਣਾ ਚਾਹਤਾ ਹੂੰ। ਵਹਾਂ ਕਾ ਰਾਮਸਰੋਵਰ ਔਰ ਗਊਓਂ ਕੇ ਦਰਸ਼ਨ ਕਰਨਾ ਚਾਹਤਾ ਹੂੰ।"


ਵਾਜਪਾਈ ਜੀ ਮਲੇਰਕੋਟਲੇ ਦੇ ਸ਼ਹੀਦੀ ਸਮਾਰਕ ਤੇ ਵੀ ਪਧਾਰੇ। ਆਪ ਨੇ ਕਿਹਾ, "ਉਸ ਸਮੇਂ ਸਾਥ ਕੋਈ ਪਾਰਟੀ ਨਹੀਂ ਥੀ ਜਬ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਕੇ ਲੀਏ ਦੇਸ਼ ਵਾਸੀਓਂ ਕਾ ਮਾਰਗ ਦਰਸ਼ਨ ਕੀਆ। ਆਪ ਕੇ ਪਗ-ਚਿੰਨ੍ਹੋਂ ਪਰ ਚਲ ਕਰ ਹਮਾਰਾ ਦੇਸ਼ ਆਜ਼ਾਦ ਹੂਆ ।"

ਵਾਜਪਾਈ ਜੀ ਦੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਗੁਰਸਿੱਖਾਂ ਵਾਲੀ ਆਸਥਾ ਸੀ। ਆਪ ਨੇ ਜੂਨ 2003 ਨੂੰ ਚੀਨ ਵਿਚ ਸਿਆਸੀ ਦੌਰੇ 'ਤੇ ਜਾਣਾ ਸੀ। ਉਚੇਚਾ ਸ੍ਰੀ ਭੈਣੀ ਸਾਹਿਬ ਫ਼ੋਨ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ, "ਗੁਰੂ ਜੀ, ਮੁਝੇ ਆਸ਼ੀਰਵਾਦ ਦੋ, ਵਹਾਂ ਮੈਂ ਜੋ ਵੀ ਸਮਝੌਤਾ ਕਰੂੰ ਵੋ ਦੇਸ਼ ਕੇ ਹਿੱਤ ਮੇਂ ਹੋ।" ਸ੍ਰੀ ਸਤਿਗੁਰੂ ਜੀ ਬਚਨ ਕੀਤਾ, 'ਹਮ ਆਪ ਕੇ ਲੀਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੇ ਚਰਨੋਂ ਮੇਂ ਅਰਦਾਸ ਕਰੇਂਗੇ।' ਇੱਕ ਵੇਰ ਸ੍ਰੀ ਸਤਿਗੁਰੂ ਜੀ ਨੇ ਰਛਪਾਲ ਸਿੰਘ ਸੇਵਕ ਨੂੰ ਹੁਕਮ ਕੀਤਾ, "ਪਤਾ ਕਰੋ ਵਾਜਪਾਈ ਜੀ ਕਿੱਥੇ ਹਨ?" ਹਰੀਸ਼ ਅਰੋੜਾ ਜੀ ਨੂੰ ਫੋਨ ਕਰਕੇ ਸ੍ਰੀ ਚਮਨ ਲਾਲ ਜੀ ਰਾਹੀਂ ਪਤਾ ਲੱਗਿਆ ਕਿ ਜੰਮੂ ਕਸ਼ਮੀਰ ਦੌਰੇ ਗਏ ਹਨ। ਹੁਕਮ ਹੋਇਆ ਕਿ ਮੇਰੇ ਵਲੋਂ ਸੁਨੇਹਾ ਪਹੁੰਚਾਓ ਕਿ ਉਥੇ ਹੁਰੀਅਤ ਨੇਤਾ ਵਾਲੇ ਸਮਾਗਮ ਵਿਚ ਨਾ ਜਾਣ। ਗਵਰਨਰ ਹਾਊਸ ਸੰਦੇਸ਼ ਪੁਚਾਇਆ ਗਿਆ। ਵਾਜਪਾਈ ਜੀ ਉਸ ਸਮਾਗਮ ਵਿਚ ਨਾ ਗਏ। ਏਸੇ ਦੌਰਾਨ ਉਸ ਰਸਤੇ 'ਚ ਬੰਬ ਬਲਾਸਟ ਹੋਇਆ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਰੱਖਿਆ ਹੋਈ। ਇਸ ਤਰ੍ਹਾਂ ਦੇ ਭਾਵਨਾਤਮਕ ਅਤੇ ਆਸਥਾ ਭਰਪੂਰ ਸੰਬੰਧ ਸਨ। ਨਾਮਧਾਰੀ ਸਮਾਜ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਵਾਜਪਾਈ ਜੀ ਦੇ।

ਕਾਰਗਿਲ ਯੁੱਧ ਦੀ ਜਿੱਤ ਦਾ ਸੇਹਰਾ ਵੀ ਵਾਜਪਾਈ ਜੀ ਦੇ ਸਿਰ ਹੀ ਜਾਂਦਾ ਹੈ। ਬੇਸ਼ੱਕ ਆਪ ਆਪਣੇ ਗਵਾਂਢੀ ਦੇਸ਼ ਪਾਕਿਸਤਾਨ ਨਾਲ ਸੰਬੰਧ ਸੁਖਾਵੇਂ ਕਾਇਮ ਕਰਨਾ ਚਾਹੁੰਦੇ ਸਨ। **ਬਾਕੀ ਸਫ਼ਾ 16 'ਤੇ ..........**

**ਹਰਪਾਲ ਸਿੰਘ ਸੇਵਕ**
**ਸ੍ਰੀ ਭੈਣੀ ਸਾਹਿਬ**
**ਸੰਪਰਕ: 94176-01321**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਖਾਲਸਾ ਜੀ ਭਜਨ ਬਾਣੀ ਪੜ ਕਰਕੇ ਗੁਰੂ ਸਾਹਿਬਾ ਅਗੇ ਗਲ ਮੈ ਪਲਾ ਪਾਕੇ ਹਥ ਜੋੜਕੇ ਗੁਰੂ ਸਾਹਿਬਾ ਤੇ ਗੁਰਮਤ, ਸਿਦਕ ਭਰੋਸਾ, ਨਾਮ ਦਾਨ ਮੰਗਣਾ ਬੇਨਤੀ ਕਰਕੇ। ਅਗੇ ਜੋ ਗੁਰੂ ਨੂ ਭਾਵੇ। ਖਾਲਸਾ ਜੀ ਹਮੇਸਾ ਭੰਡੀ ਸਾਡੇ ਈ ਪਿਛੇ ਨਹੀ ਰਹਿਣੀ। ਸਮਾ ਸੋ ਬੀਤ ਜਾਇਗਾ। ਖਵਰ ਨਹੀ ਸਾਡੇ ਕਿਤਨੇ ਕੁ ਪਾਪ ਥੇ ਗੁਰੂ ਜੀ ਨੇ ਥੋੜੇ ਮੈ ਹੀ ਦੂਰ ਕੀਤੇ ਹੈਨਿ ਨਿੰਦ ਚਿੰਦ ਕਰਵਾਕੇ। ਮੈ ਤਾ ਇਉ ਜਾਨਦਾ ਹਾ ਠੀਕ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਨਾਮ-ਮਹਾਤਮ

ਜੇ ਬੱਚਾ ਹਲ਼ ਨਾ ਲੈ ਕੇ ਜਾਵੇ ਤਾਂ ਉਹਦੇ ਮਗਰ ਪੈ ਜਾਂਦੇ ਹੋ ਕਿ ਹਲ਼ ਕਿਉਂ ਨਹੀਂ ਲੈ ਕੇ ਗਿਆ ਤੂੰ? ਰੋਟੀ ਕਿੱਥੋਂ ਖਾਣੀ ਹੈ। ਕਦੇ ਇਹ ਵੀ ਬੱਚਿਆਂ ਨੂੰ ਦੱਸਿਆ ਕਰੋ-

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥**
**ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥**
**ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥**

ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ ਹੈ ਕਿ ਬਾਣੀ, ਨਾਮ ਦੇ ਗੁਣਾਂ ਦਾ ਉਚਾਰ ਕਰਦੀ ਹੈ। ਤੁਸੀਂ ਦਵਾਈ ਦਾ ਨਾਮ ਪੜ੍ਹਦੇ ਹੋ- ਕੁਨੀਨ, ਖਾਣ ਨਾਲ ਤਾਪ ਲਹਿ ਜਾਂਦਾ ਹੈ। ਐਰਗਾਪਾਇਨ ਖਾਣ ਨਾਲ ਜੋੜਾਂ ਦੀਆਂ ਦਰਦਾਂ ਹੱਟ ਜਾਂਦੀਆਂ ਨੇ, ਸਭ ਦੀਆਂ ਤਾਰੀਫ਼ਾਂ ਲਿਖੀਆਂ ਨੇ। ਇਸੇ ਤਰ੍ਹਾਂ ਹੀ ਜਿਹੜਾ ਸਤਿਗੁਰਾਂ ਦੇ ਨਾਮ ਦੀ ਤਾਰੀਫ਼ ਲਿਖੀ ਹੈ-

**ਭਰੀਐ ਮਤਿ ਪਾਪਾ ਕੈ ਸੰਗਿ,**
**ਓਹੁ ਧੋਪੈ ਨਾਵੈ ਕੈ ਰੰਗਿ॥**

# ਪ੍ਰਵਚਨ: ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਸਥਾਨ- ਵੈਨਕੂਵਰ ਕੈਨੇਡਾ ਵਿਖੇ**

ਮੈਂ ਤਾਂ ਅੱਜ ਆਨੰਦ ਮਾਣਿਆ ਤੇ ਮੈਨੂੰ ਲੱਗਦਾ ਏ ਕਿ ਤੁਸੀਂ ਸਾਰਿਆਂ ਨੇ, ਖ਼ਾਸ ਕਰਕੇ ਬੱਚਿਆਂ ਨੇ, ਨੌ-ਜੁਵਾਨਾਂ ਨੇ ਵੀ ਇਸ ਟਾਈਮ ਦਾ ਆਨੰਦ ਮਾਣਿਆ ਹੋਵੇਗਾ। ਇਹ ਟਾਈਮ ਸੱਚੀ-ਮੁੱਚੀ ਭਾਗਾਂ ਨਾਲ ਮਿਲਦਾ ਹੈ। ਇਹ ਪੈਸੇ ਖ਼ਰਚ ਕਰਕੇ, ਇਹ ਟਾਈਮ ਤੁਸੀਂ ਕਿਤੇ ਹੌਲੀਡੇ 'ਤੇ ਵੀ ਜਾ ਸਕਦੇ ਸੀ, ਤੁਸੀ ਕਿਤੇ ਕਲੱਬਿੰਗ ਵੀ ਜਾ ਸਕਦੇ ਸੀ, ਪਰ ਇਹ ਬਹੁਤ ਵੱਡੇ ਭਾਗ ਨੇ ਕਿ ਤੁਸੀਂ ਇੱਥੇ ਆ ਕੇ ਇਹ ਸਤ-ਸੰਗਤ ਕੀਤੀ ਹੈ। ਨਾਮ-ਸਿਮਰਨ ਕੀਤਾ ਹੈ। ਗੁਰਬਾਣੀ ਦਾ ਕੀਰਤਨ ਸੁਣਿਆ ਹੈ। ਇਹ ਚੀਜ਼ ਭਾਗਾਂ ਤੋਂ ਬਿਨਾਂ ਨਹੀਂ ਮਿਲਦੀ।

ਵੈਨਕੂਵਰ ਦੀ ਸੰਗਤ ! ਸਿੱਖੀ ਵਿੱਚ ਧੰਨਵਾਦ ਸ਼ਬਦ ਬਹੁਤ ਛੋਟਾ ਹੋ ਜਾਂਦਾ ਹੈ। ਇੱਕ ਸਿੱਖੀ ਦਾ ਫ਼ਰਕ ਏ ਦੂਸਰਿਆਂ ਬੰਦਿਆਂ ਨਾਲੋਂ, ਲੋਕਾਚਾਰੀ ਨਾਲੋਂ, ਲੋਕਾਚਾਰੀ ਵਿਚ ਆਪਾਂ ਕਿਸੇ ਦੀ ਸੇਵਾ ਕਰਦੇ ਹਾਂ, ਆਪਾਂ ਅੱਕਸੈਪਟ ਕਰਦੇ ਹਾਂ ਕਿ ਇਹ ਮੇਰਾ ਧੰਨਵਾਦ ਕਰੇਗਾ। ਸਿੱਖੀ ਵਿੱਚ ਬਿਨਾਂ ਕਿਸੇ ਮਨੋਰਥ ਤੋਂ ਸੇਵਾ ਕੀਤੀ ਜਾਂਦੀ ਹੈ। ਸਿੱਖੀ ਵਿਚ ਸੇਵਾ ਕਰਨ ਵਾਲੇ ਦੇ ਧੰਨ ਭਾਗ ਹੁੰਦੇ ਹਨ। ਸਿੱਖ ਸੇਵਾ ਕਰਕੇ ਖੁਸ਼ ਹੁੰਦਾ ਹੈ ਔਰ ਬਿਨਾਂ ਕਿਸੇ ਕਾਮਨਾ ਤੋਂ ਸਿੱਖ ਹੁੰਦਾ ਹੈ। ਸਿੱਖੀ ਦਾ ਫ਼ਰਕ ਕੀ ਏ? ਅਸੀਂ ਵੱਡੇ ਭਾਗਾਂ ਵਾਲੇ ਹਾਂ ਜਿਨ੍ਹਾਂ ਨੂੰ ਇਹ ਸਿੱਖ ਬਣਨ ਦਾ ਮੌਕਾ ਮਿਲਿਆ। ਇਸ ਕਰਕੇ ਵੈਨਕੂਵਰ ਦੀ ਸੰਗਤ ਵਾਸਤੇ ਧੰਨਵਾਦ ਸ਼ਬਦ ਨਹੀਂ, ਸ਼ਬਦ ਇਹ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀਆਂ ਉਹਨਾਂ ਤੇ ਖੁਸ਼ੀਆਂ ਨੇ, ਉਹਨਾਂ ਦੇ ਧੰਨ ਭਾਗ ਨੇ। ਆਪਾ, ਖ਼ਾਸ ਕਰਕੇ ਮੈਂ ਨੌ-ਜੁਆਨਾਂ ਨੂੰ ਇਹ ਐਡਰੈਸ ਕਰਦਾ , ਕਿ ਆਪਾਂ ਇਥੋਂ ਮੈਸਜ਼ ਕੀ ਲੈ ਕੇ ਜਾਣਾ?

ਤੁਹਾਨੂੰ ਕਾਫ਼ੀ ਦਿਨ ਹੋ ਗਏ ਨੇ, ਇਵਨ ਤੁਸੀਂ ਯੰਗ ਸਟੱਡ ਵੀ ਥੋੜੀ ਬਹੁਤੀ ਪੰਜਾਬੀ ਸਮਝ ਲੈਂਦੇ ਹੋ। ਇਸ ਕਰਕੇ ਮੈਂ ਪੰਜਾਬੀ 'ਚ ਹੀ ਕੰਟੀਨਿਊ ਕਰਾਂਗਾ, ਤੁਸੀ ਮੈਸਜ਼ ਕੀ ਲੈ ਕੇ ਜਾਣਾ? ਇੱਕ ਚੀਜ਼ ਦਾ ਅਸੀਂ ਧਿਆਨ ਰੱਖੀਏ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਭਾਸ਼ਣ 'ਚ ਵੀ ਆਉਂਦਾ ਏ ਧਰਮ ਦੇ ਵਿਰੋਧੀਆਂ ਨੇ ਤੇ ਧਰਮ ਨੂੰ ਮੰਨਣ ਵਾਲਿਆਂ ਨੇ, ਧਰਮ ਦੀ ਬੜੀ ਬਦਨਾਮੀ ਕਰਾਈ ਏ। ਉਹ ਬਦਨਾਮੀ ਕਿਸ ਤਰ੍ਹਾਂ ਕਰਾਈ ਹੈ? ਧਰਮ ਦੇ ਨਾਂ 'ਤੇ ਲੜਾਈਆਂ ਹੋਈਆਂ, ਧਰਮ ਦੇ ਨਾਂ 'ਤੇ ਕਿਸ ਤਰ੍ਹਾਂ ਸ਼ੀਆ-ਸੁੰਨੀ ਆਪਣੇ ਆਪਣਿਆਂ ਨੂੰ ਮਾਰੀ ਜਾਂਦੇ ਨੇ, ਧਰਮ ਦੇ ਨਾਂ ਤੇ ਹਿੰਦੂ, ਮੁਸਲਿਮ ਕਿਸ ਤਰ੍ਹਾਂ ਲੜੇ, ਕਿਸ ਤਰ੍ਹਾਂ ਪਾਰਟੀਸ਼ਨ ਹੋਈ, ਧਰਮ ਦੇ ਨਾਂ ਤੇ ਬਦ-ਕਿਸਮਤੀ ਨਾਲ ਸਾਡੇ ਪੰਜਾਬ ਵਿਚ ਕੀ-ਕੀ ਹੋਇਆ, ਉਹਨਾਂ ਨੇ ਆਪਣੇ ਆਪ ਨੂੰ, ਹਿੰਦੂਆਂ ਨੂੰ ਮਾਰ ਕੇ, ਮੋਨਿਆਂ ਨੂੰ ਮਾਰ ਕੇ, ਉਸ ਤੋਂ ਜਿਆਦਾ ਸਿੱਖ ਮਾਰ ਕੇ ਆਪਣੇ-ਆਪ ਨੂੰ ਬੜਾ ਵੱਡਾ ਅਖਵਾਉਣ ਦੀ ਕੋਸ਼ਿਸ ਕੀਤੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡਾ ਧਰਮ ਉਹ ਹੈ ਜੋ ਸਾਡੇ ਗੁਰੂ ਨਾਨਕ ਦਾ ਧਰਮ ਹੈ। ਇਕ ਵਾਰੀ ਫਿਰ ਪਿਆਰ ਨਾਲ ਆਖੀਏ ਜਿਹਨਾਂ ਦੀ ਦਿੱਤੀ ਹੋਈ, ਇਹ ਫ਼ਿਲੋਸਫ਼ੀ ਏ ਜਿਹਨਾਂ ਦਾ ਇਹ ਦਿੱਤੀ ਹੋਈ ਦੇਣ ਏ ਇੱਕ ਵਾਰੀ ਬੜੇ ਪਿਆਰ ਨਾਲ ਧੰਨ ਆਖੀਏ ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ, ਪਹਿਲੀ ਗੱਲ ਇਹ ਕਿ ਅਸੀਂ ਕੋਈ ਵੀ ਨਾਂ ਲੈਂਦੇ ਹਾਂ, ਜਿਹਨਾਂ ਤੋਂ ਅਸੀਂ ਵਰੋਸਾਏ ਹੋਏ ਹਾਂ। ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਲੈਂਦੇ ਹਾਂ। ਇਹ ਕੋਈ ਫ਼ਰਕ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼ਬਦਾਂ ਵਿੱਚ ਜਿਹੜਾ ਫ਼ਰਕ ਸਮਝਦਾ ਹੈ ਉਹ ਭੇਦ-ਵਾਦੀ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਫ਼ਰਕ ਸਮਝਦਾ ਹੈ ਉਹਨੇ ਗੁਰਬਾਣੀ ਨੂੰ ਸਮਝਿਆ ਹੀ ਨਹੀਂ। ਇਹ ਅਲੱਗ-ਅਲੱਗ ਰੂਪ ਨੇ, ਉਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਮੈਂ ਗੱਲ ਕਰ ਰਿਹਾ ਸੀ ਕਿ ਤੁਸੀਂ ਮੈਸਿਜ ਕੀ ਲੈ ਕੇ ਜਾਣਾ, ਤੁਸੀਂ ਮੈਸਿਜ ਇਹ ਲੈ ਕੇ ਜਾਣਾ ਕਿ ਸਾਡੀ ਕਿਸੇ ਨਾਲ ਈਰਖਾ ਨਹੀਂ, ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਨੇ-

**"ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥"**

ਤੁਹਾਨੂੰ ਆਸਾਨੀ ਨਾਲ ਸਮਝਣ ਲਈ , ਜਿਹੜੇ ਅੰਦਰ ਦੂਸਰੇ ਵਾਸਤੇ ਜੈਲਸੀ ਹੈ ਉਹਦਾ ਕਦੇ ਵੀ ਭਲਾ ਨਹੀਂ ਹੁੰਦਾ। ਸਾਡਾ ਧਰਮ ਉਹ ਹੈ ਜੋ ਸਾਰਿਆ ਨੂੰ ਵਿੱਚ ਸਮਾ ਲੈਂਦਾ, ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦਾ ਧਰਮ ਉਹ ਏ, ਜਿਥੇ ਕੋਈ ਵੀ ਬੇਗਾਨਾ ਨਹੀਂ। ਉਹਨਾਂ ਨੇ ਕਿਹਾ ਏ ਕਿ ਜੇ ਮੁਸਲਮਾਨ ਬਣਨਾ ਹੈ ਤਾਂ ਚੰਗੇ ਮੁਸਲਮਾਨ ਬਣੋ, ਤੇ ਜੀਆਂ ਤੇ ਮਿਹਰਾਮਤ ਕਰੋ, ਜੀਆਂ ਤੇ ਮਿਹਰ ਕਰੋ। ਇੱਥੇ ਤੁਸੀਂ ਇੱਕ ਤੁਕ ਤੇ ਵਿਚਾਰ ਕੀਤੀ ਸੀ, "**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ**" ਇਹ ਫਿਲਾਸਫ਼ੀ ਏ ਸਿੱਖੀ ਦੀ। ਤੁਸੀਂ ਜੀਆਂ ਤੇ, ਤੁਸੀਂ ਇਨਸਾਨਾਂ ਤੇ, ਤੁਸੀਂ ਕਿੰਨੇ ਕੰਪੋਜ਼ਲੇਟ ਹੋ, ਤੁਸੀਂ ਕਿੰਨੇ ਕਾਇੰਡ ਹੋ, ਤੁਹਾਡੇ ਅੰਦਰ ਈਰਖਾ ਕਿੰਨੀ ਖ਼ਤਮ ਹੋ ਜਾਂਦੀ ਏ। ਇਹ ਮੈਸਿਜ ਆਪਾਂ ਲੈ ਕੇ ਜਾਣਾ ਹੈ। ਜਦੋਂ ਤੁਸੀਂ ਘਰ ਵੀ ਜਾਂਦੇ ਹੋ, ਜਦੋਂ ਤੁਸੀਂ ਸਕੂਲ ਵਿੱਚ, ਕਾਲਜ ਵਿੱਚ ਜਾਓਗੇ। ਇਹ ਚੀਜ਼ ਯਾਦ ਰੱਖਿਓ ਏ ਮੈਂ ਵੈਨਕੂਵਰ ਗਿਆ ਸੀ, ਮੇਰੇ ਗੁਰੂ ਨਾਨਕ ਦੀ ਸਿੱਖੀ ਕੀ ਏ, ਮੈਂ ਤੇ ਕਿਸੇ ਨੂੰ ਘ੍ਰਿਣਾ ਨਹੀਂ ਕਰਨੀ, ਕਿਸੇ ਨੂੰ ਹੇਟ ਨਹੀਂ ਕਰਨਾ, ਮਾੜਾ ਤਾਂ ਕੋਈ ਨਹੀਂ, ਅਸੀਂ ਕੀ ਕਹਿਨੇ ਹਾਂ- **"ਏਕੁ ਪਿਤਾ ਏਕਸ ਕੇ ਹਮ ਬਾਰਿਕ"** ਤੁਸੀਂ ਇਕ ਤੁਕ ਹੋਰ ਲਾਈ ਸੀ **"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ"** ਜੇ ਮਾੜਾ ਹੀ ਨਹੀਂ ਕੋਈ ਤਾਂ ਮੈਂ ਘ੍ਰਿਣਾ ਕਿਉਂ ਕਰਦਾ ਹਾਂ।

ਮੇਰੇ ਪਾਤਸ਼ਾਹ ਜੇ ਤੂੰ ਮੈਨੂੰ ਇਸ ਤਰ੍ਹਾਂ ਦਾ ਬਣਾਇਆ ਹੈ ਮੈਨੂੰ ਤੂੰ ਇਹ ਬੁੱਧੀ ਦਿੱਤੀ ਏ ਮੈਂ ਉਹਨੂੰ ਹੀ ਤੇਰੀ ਰਜ਼ਾ ਸਮਝ ਕੇ ਪ੍ਰਵਾਨ ਕਰਾਂਗਾ। ਮੇਰੇ ਅੰਦਰ ਘ੍ਰਿਣਾ ਨਹੀਂ ਹੋਵੇਗੀ, ਮੇਰੇ ਅੰਦਰ ਮੈਂ ਈਰਖਾ ਲੈ ਕੇ ਨਹੀਂ ਜਾਵਾਂਗਾ। ਮੈਂ ਸਾਰਿਆਂ ਨੂੰ ਪਿਆਰ ਕਰਦਾ ਹੀ ਚੰਗਾ ਸਿੱਖ ਬਣ ਸਕਾਂਗਾ। ਮੈਂ ਇਹ ਮੈਸਿਜ ਯੰਗਸਟਰਾਂ ਨੂੰ ਕਹਿਣਾ ਚਾਹੁੰਦਾ ਸੀ ਕਿ ਇਹ ਤੁਸੀਂ ਮੈਸਿਜ ਘਰ ਲੈ ਕੇ ਜਾਣਾ, ਇਹ ਗੁਰੂ ਨਾਨਕ ਦੇਵ ਜੀ ਦਾ ਮੈਸਿਜ, ਸਤਿਗੁਰੂ ਜਗਜੀਤ ਸਿੰਘ ਦਾ ਮੈਸਿਜ ਤੁਸੀਂ ਸਕੂਲਾਂ, ਕਾਲਜਾਂ, ਯੂਨੀਵਰਸਿਟੀ ਤੇ ਤੁਹਾਡੇ ਵਰਕਪਲੇਸ ਤੇ ਵੀ ਲੈ ਕੇ ਜਾਣਾ। ਤੁਸੀਂ ਸਾਰੇ ਗੁਰੂ ਨਾਨਕ ਦੇਵ, ਸਤਿਗੁਰੂ ਜਗਜੀਤ ਸਿੰਘ ਜੀ ਦੇ ਮੈਸੰਜਰ ਹੋ, ਇਹ ਡਿਊਟੀ ਇਹ ਨਹੀਂ ਸਿਰਫ਼ ਰਾਗੀਆਂ ਨੇ ਹੀ ਪ੍ਰਚਾਰ ਕਰਨਾ ਜਾਂ ਇਹ ਜਰੂਰ ਜਥੇਦਾਰਾਂ ਨੇ ਪ੍ਰਚਾਰ ਕਰਨਾ, ਆਪਾਂ ਸਾਰੇ ਉਹਨਾਂ ਦੇ ਸੇਵਕ ਹਾਂ, ਸਾਡੀ ਸਾਰਿਆਂ ਦੀ ਡਿਊਟੀ ਹੈ, ਅਸੀਂ ਸਾਰਿਆਂ ਨੇ ਉਹਨਾਂ ਦਾ ਸੁਨੇਹਾ ਪਹੁੰਚਾਣਾ ਏ। ਇਹ ਸੁਨੇਹਾ ਅਸੀਂ ਨਾ ਪ੍ਰਚਾਰ ਕਰਕੇ ਵੀ ਪਹੁੰਚਾ ਸਕਦੇ ਹਾਂ, ਸੁਨੇਹਾ ਅਸੀਂ ਆਪਸ 'ਚ ਗੱਲਾਂ ਕਰਕੇ ਵੀ ਪਹੁੰਚਾ ਸਕਦੇ ਹਾਂ ਪਰ ਇਸ ਤਰ੍ਹਾਂ ਦਾ ਸੁਨੇਹਾ ਬਹੁਤ ਚੰਗਾ ਹੁੰਦਾ ਹੈ ਕਿ ਸਾਡੀ ਆਪਣੀ ਲਾਇਫ ਸਟਾਇਲ ਵਿੱਚ ਇੱਕ ਸੱਚੇ ਸਿੱਖ ਦਾ ਹੋਵੇ, ਇੱਕ ਮੈਨੂੰ ਬੜਾ ਚੰਗਾ ਲੱਗਦਾ ਕੋਰਡ ਕਰਦਾ ਮੈਂ, ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਬੜਾ, ਸੱਚੇ ਪਾਤਸ਼ਾਹ ਸਿੱਧਾ ਬੇਬਾਕ ਬਚਨ ਕਰਦੇ ਸੀ, ਉਹਨਾਂ ਨੇ ਹੁਕਮ ਕੀਤਾ "ਸਿੱਖ ਕੈਨ ਨਾਟ ਬੀ ਡਿਸਰਵਸਟ" ਨਾਲ ਹੀ ਸੱਚੇ ਪਾਤਸ਼ਾਹ ਹੁਕਮ ਕੀਤਾ, ਜੇ ਬੇਈਮਾਨ ਹੁੰਦਾ ਤੇ ਸਿੱਖ ਨਹੀਂ ਹੁੰਦਾ। ਸੋ ਆਪਾਂ ਉਹ ਸਿੱਖ ਬਣਨਾ ਏ ਜਿਹਨਾਂ ਨੂੰ ਸਾਰੇ ਕਹਿਣ ਸਿੱਖ ਸੱਚ ਬੋਲਦਾ ਹੈ। ਸਿੱਖ ਸਾਰਿਆਂ ਤੋਂ ਕਾਇੰਡ ਹੈ, ਸਿੱਖ ਕਿਸੇ ਦਾ ਬੁਰਾ ਨਹੀਂ ਸੋਚਦਾ। ਜੇ ਇਸ ਤਰ੍ਹਾਂ ਦੇ ਸਿੱਖ ਹੋਵਾਂਗੇ ਤਾਂ ਹੀ ਸਾਡੇ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਹੋਣਗੀਆਂ। ਤਾਂ ਹੀ ਅਸੀਂ ਗੁਰੂ ਨਾਨਕ ਦੇਵ ਜੀ ਦਾ ਸੱਚਾ ਸੁਨੇਹਾ ਦੂਜਿਆਂ ਤੱਕ ਪਹੁੰਚਾ ਸਕਾਂਗੇ। ਅਦਰਵਾਇਜ਼ ਧਰਮ ਦੇ ਨਾਂ ਤੇ ਬਹੁਤ ਲੜਾਈਆਂ ਪਈਆਂ ਨੇ ਬਹੁਤ ਕੁਛ ਹੋਈ ਜਾਂਦਾ ਏ, ਬਹੁਤ ਬੰਦੇ ਮਰੀ ਜਾਂਦੇ, ਪਰ ਅਸੀਂ ਸੱਚੇ ਗੁਰੂ ਨਾਨਕ ਦੇਵ ਦੇ ਤਾਂ ਸਿੱਖ ਹਾਂ ਕੇ ਇਹ ਪਿਆਰ ਦਾ ਮੈਸਿਜ਼ ਲੈ ਕੇ ਜਾਈਏ। ਸਾਡੇ ਆਪਣੇ ਅੰਦਰ ਪਿਆਰ ਹੋਵੇ, ਜਦੋਂ ਅਸੀਂ ਕਿਸੇ ਨਾਲ ਗੱਲ ਕਰੀਏ ਸਾਨੂੰ ਸਮਝਣ ਦੀ ਲੋੜ ਨਾ ਪਵੇ, ਤੁਹਾਡਾ ਉਹ ਅਨੰਦ ਜਿਹੜਾ ਹੈ ਉਹ ਦੂਜੇ ਵਿਚ ਰਿਫਲੈਕਟ ਹੋਵੇ। ਤੁਸੀਂ ਗੁਰਬਾਣੀ ਦੀ ਗੱਲ ਕਰੋ, ਗੁਰਬਾਣੀ ਦੀ ਤੁਕ ਤੇ ਵਿਚਾਰ ਕਰੋ। ਉਹਦਾ ਅਸਰ ਤੁਹਾਡੇ ਅੰਦਰ ਹੋਇਆ ਹੋਵੇ। ਤੁਸੀਂ ਮੇਰੀ ਇਹ ਗੱਲ ਤੇ ਵਿਸ਼ਵਾਸ ਕਰੋ, ਇਹ ਤੁਹਾਡਾ ਟਾਇਮ ਬਹੁਤ ਚੰਗਾ ਬੀਤਿਆ, ਇਸ ਤੋਂ ਚੰਗਾ ਟਾਇਮ ਹੋਰ ਕਿਤੇ ਬੀਤ ਹੀ ਨਹੀਂ ਸੀ ਸਕਦਾ। ਇਸ ਤੋਂ ਚੰਗਾ ਤੁਹਾਡਾ ਪੈਸਾ ਹੋਰ ਕਿਤੇ ਖ਼ਰਚ ਹੋ ਹੀ ਨਹੀਂ ਸੀ ਸਕਦਾ, ਜਿਥੋਂ ਤੱਕ ਅਸੀਂ ਪੈਸੇ ਦੀ ਗੱਲ ਕਰਦੇ ਹਾਂ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ- **"ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ, ਸੋ ਧਨੁ ਹਰਿ ਸੇਵਾ ਤੇ ਪਾਵਹਿ"** ਜਿਸ ਧਨ ਵਾਸਤੇ ਜਿਸ ਪੈਸੇ ਵਾਸਤੇ ਸਾਰੀ ਦੁਨੀਆਂ ਭੱਜੀ ਫਿਰਦੀ ਹੈ ਉਹ ਪਰਮਾਤਮਾ ਦੀ ਅਕਾਲ ਪੁਰਖ ਦੀ ਸੇਵਾ ਤੋਂ ਮਿਲਦਾ ਹੈ। ਤੁਸੀਂ ਇਥੇ ਆ ਕੇ ਸੇਵਾ ਕਰਦੇ ਹੋ, ਉਹ ਸੇਵਾ ਕਰਦੇ ਹੋ ਜਦੋਂ ਤੁਸੀ ਨਾਮ ਜਪਦੇ ਹੋ ਉਹ ਸੇਵਾ ਕਰਦੇ ਹੋ ਸੱਚੇ ਪਾਤਸ਼ਾਹ ਦੇ ਸ਼ਾਇਦ ਅੱਜ ਹੀ ਉਪਦੇਸ਼ ਵਿਚ ਆਇਆ ਸੀ **"ਜਿਸੁ ਨਾਮੁ ਰਿਦੈ ਸੋਈ ਵਡ ਰਾਜਾ"** ਓਹ ਰਾਜਾ ਕੌਣ ਹੈ ਜਿਹਦੇ ਹਿਰਦੇ ਵਿਚ ਨਾਮ ਹੈ। **"ਜਿਸੁ ਨਾਮੁ ਰਿਦੈ ਤਿਸੁ ਪੂਰੈ ਕਾਜਾ"** ਉਸ ਦੇ ਸਾਰੇ ਕੰਮ ਪੂਰੇ ਹੁੰਦੇ ਨੇ ਇਸ ਵਿਸ਼ਵਾਸ ਨਾਲ ਜਾਓ ਕਿ ਇੱਥੇ ਆਇਆਂ ਟਾਇਮ ਸਪੈਂਡ ਕੀਤਿਆਂ ਇਥੇ ਖ਼ਰਚਾ ਕੀਤਿਆਂ ਮੇਰਾ ਧਨ ਵਧਦਾ ਹੈ, ਮੇਰਾ ਕੰਮ ਕਾਰ ਵਧਦਾ ਹੈ ਤੇ ਸਭ ਤੋਂ ਉੱਪਰ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੈ ਜਿਹੜੀ ਸ਼ਾਤੀ (ਰਿਫਲੈਕਟ) ਮੇਰੇ ਵਿਚ ਹੁੰਦੀ ਹੈ ਮੈਂ ਉਹ ਸੁਨੇਹਾ ਦੂਜਿਆਂ ਨੂੰ ਵੀ ਦਿੰਦਾ ਹਾਂ। ਸੱਚੇ ਪਾਤਸ਼ਾਹ ਕਿਰਪਾ ਕਰਨ। ਇਹ ਬਿਨਾਂ ਬਖਸ਼ਿਸ਼ ਤੋਂ ਹੁੰਦਾ ਨਹੀਂ, ਇਹ ਬਿਨਾਂ ਬਖਸ਼ਿਸ਼ ਤੋਂ ਸਵੇਰੇ ਉੱਠਿਆ ਨਹੀਂ ਜਾਂਦਾ। ਇਹ ਉਹ ਕਿਰਪਾ ਕਰਦਾ ਹੈ ਤੇ ਤਾਂ ਹੀ ਸਾਧ ਸੰਗਤ ਹੁੰਦੀ ਹੈ। ਜਿਹਦੇ ਤੇ ਉਹ ਕਿਰਪਾ ਕਰਦਾ ਹੈ ਉਹਨੂੰ ਉਹ ਧੱਕੇ ਨਾਲ ਹੀ ਨਾਮ ਜਪਾ ਲੈਂਦਾ ਹੈ। ਉਹਦੇ ਉੱਤੇ ਧੱਕੇ ਨਾਲ ਬਖਸ਼ਸ਼ ਕਰ ਦੇਂਦਾ ਹੈ। ਉਹਨੂੰ ਬਾਹੋਂ ਫੜ ਕੇ ਵੀ ਉਠਾ ਲੈਂਦਾ ਹੈ। ਪਰ ਸਾਡੇ 'ਤੇ ਅਪਾਰ ਕਿਰਪਾ ਹੋਈ ਹੈ। ਤੁਹਾਨੂੰ ਯਾਦ ਹੈ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਸਾਨੂੰ ਕਿਸ ਤਰ੍ਹਾਂ ਪਿਆਰ ਨਾਲ ਗੁੱਸੇ ਹੋ ਕੇ, ਜਿਹੜੇ ਥੋੜ੍ਹੀ ਜਿਹੀ ਤੁਹਾਡੇ ਬੱਚਿਆਂ ਤੋਂ ਵੱਡੀ ਉਮਰ ਦੇ ਨੇ, ਸੱਚੇ ਪਾਤਸ਼ਾਹ ਫ਼ੋਨ ਕਰ-ਕਰ ਕੇ ਉਹਨਾਂ ਨੂੰ ਉਠਾਇਆ, ਜਿਸ ਤਰ੍ਹਾਂ ਆਪਣੇ ਬੱਚੇ ਦਾ ਫ਼ਿਕਰ ਹੁੰਦਾ ਹੈ। ਇੱਕ-ਇੱਕ ਘਰ ਜਾ ਕੇ ਕਈਆਂ ਨੂੰ ਬੂਹਾ ਖੜਕਾ ਕੇ ਵੀ ਉਠਾਇਆ ਤੇ ਜਿਨਾਂ ਚਿਰ ਉਹ ਉਠ ਕੇ ਬਾਥਰੂਮ 'ਚ ਨਹੀਂ ਵੜ ਗਿਆ ਉਨਾਂ ਚਿਰ ਉਹਦੇ ਬੂਹੇ ਅੱਗੇ ਖਲੋਤੇ ਰਹੇ। ਕਿੰਨੇ ਪਿਆਰ ਨਾਲ ਸਾਨੂੰ ਨਾਮ ਜਪਾਇਆ, ਕਿਸ ਤਰ੍ਹਾਂ ਸਾਨੂੰ ਮਾਂ-ਪਿਓ ਵਾਂਗੂੰ ਲਾਡ ਲਡਾਇਆ। ਏਨਾਂ ਫ਼ਿਕਰ ਮਾਂ-ਪਿਓ ਨਹੀਂ ਕਰਦਾ ਜਿਨ੍ਹਾਂ ਫ਼ਿਕਰ ਸਤਿਗੁਰੂ ਸੱਚੇ ਪਾਤਸ਼ਾਹ ਨੇ ਕੀਤਾ ਹੈ। ਇਸ ਕਰਕੇ ਸਾਡੇ ਵੱਡੇ ਭਾਗ ਨੇ।

ਸਾਧ ਸੰਗਤ ਜੀ, ਤੁਸੀਂ ਵੈਨਕੂਵਰ ਦੀ ਸੰਗਤ, ਅਤੇ ਇੰਗਲੈਂਡ ਤੋਂ ਆਏ ਹੋ ਉਹਨਾਂ ਸਾਰਿਆਂ ਤੇ ਵੀ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਨੇ ਤੇ ਅਰਦਾਸ ਏ ਹੈ ਬਖਸ਼ਿਸ ਕਰਨ, ਸਾਰਿਆਂ ਨੂੰ ਆਪਣੀ ਸਿੱਖੀ ਬਖਸ਼ਣ, ਆਪਣਾ ਨਾਮ ਦੇਣ, ਉਹ ਬਖਸ਼ਿਸ਼ ਕਰਨ ਜਿਹੜੀ ਆਪਾਂ ਅਰਦਾਸ 'ਚ ਮੰਗਦੇ ਹਾਂ ਕਿ **"ਕੋਈ ਦੁਖੀਆ ਰਹੇ ਹੀ ਨਾ।"** ਆਪਾਂ ਇਹ ਹੀ ਘਰ ਲੈ ਕੇ ਜਾਈਏ ਕਿ ਮਨੋਂ ਏਨੀ ਗੱਲ ਕਰ ਦਿਆ ਕਰੀਏ ਕਿ ਸੱਚੇ ਪਾਤਸ਼ਾਹ ਕੋਈ ਦੁਖੀਆ ਰਹੇ ਹੀ ਨਾਂ। ਸੱਚੇ ਪਾਤਸ਼ਾਹ ਤੇਰੇ ਭਾਣੇ ਸਰਬੱਤ ਦਾ ਭਲਾ, ਅਸੀਂ ਸਾਰੇ ਤੇਰੇ ਹਾਂ ਤੇ ਤੂੰ ਬਖਸ਼ਿਸ਼ ਕਰ, ਨਾਮ ਵੀ ਤੂੰ ਹੀ ਜਪਾਉਣਾ ਹੈ। ਤੇਰੇ ਜਪਾਉਣ ਤੋਂ ਬਿਨਾਂ ਅਸੀਂ ਕਦੇ ਜਪ ਵੀ ਨਹੀਂ ਸਕਦੇ। ਜੋ ਵੀ ਕੰਮ ਚੰਗਾ ਹੁੰਦਾ ਹੈ ਤੇਰੀ ਕਿਰਪਾ ਦੇ ਨਾਲ ਹੀ ਹੁੰਦਾ ਹੈ। ਅਉਗਣਾਂ ਦੇ ਤੇ ਅਸੀਂ ਭਰੇ ਹੋਏ ਹਾਂ।

**ਸਤਿ ਸ੍ਰੀ ਅਕਾਲ**

# ਮਥੁਰਾ ਮੰਡਲ ਕੇ ਬਿਖੈ ਜਨਮ ਧਰਿਓ ਹਰਿ ਰਾਇ

✍– ਮਹਾਰਾਜ ਬੀਰ ਸਿੰਘ ਜੀ

ਸਾਡੇ ਜੀਵਨ ਦੇ ਕਾਰਯ ਕ੍ਰਮ ਦਾ ਏਹ ਜ਼ਰੂਰੀ ਅੰਗ ਹੈ ਕਿ ਅਸੀਂ ਆਪਣੇ ਅਵਤਾਰਾਂ ਸਤਿਗੁਰਾਂ ਦੀ ਜਦੋਂ ਉਹਨਾਂ ਦੇ ਅਵਤਾਰਾਂ ਜਾਂ ਜੋਤੀ ਜੋਤ ਸਮਾਉਣ ਦਾ ਦਿਨ ਆਵੇ, ਯਾਦ ਮਨਾਈਏ। ਪਰ ਇਹ ਯਾਦ ਕੇਵਲ ਰਸਮੀ ਤੌਰ 'ਤੇ ਮਨਾ ਲੈਣੀ ਅਤੇ ਇਸ ਦੇ ਤੱਥ ਤੋਂ ਅਣਜਾਣੇ ਹੀ ਰਹਿਣਾ ਇਹ ਗੱਲ ਸਾਡੇ ਵਾਸਤੇ ਉਹ ਹੀ ਬਣ ਜਾਂਦੀ ਹੈ, ਜੋ ਕਬੀਰ ਜੀ ਨੇ ਲਿਖਿਆ ਹੈ–

**ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ॥**
**ਜਿਉ ਭਏ ਦਾਦੁਰ ਪਾਨੀ ਮਾਹੀ॥**

ਸਤਿਗੁਰੂ ਜੀ ਦੇ ਉਪਦੇਸ਼ ਵਿਚ ਗੁਰਬਾਣੀ ਅਤੇ ਇਤਿਹਾਸ ਵਿਚ ਅੰਮ੍ਰਿਤ ਵੇਲੇ ਦੇ ਇਸ਼ਨਾਨ ਦਾ ਬਹੁਤ ਮਹਾਤਮ ਲਿਖਿਆ ਹੈ। ਜੇ ਕੋਈ ਸ਼ਰਧਾ ਨਾਲ ਇਸ਼ਨਾਨ ਕਰਕੇ ਸਤਿਗੁਰੂ ਜੀ ਦੀ ਦੱਸੀ ਵਿਧੀ ਅਨੁਸਾਰ ਜਾਪ ਕਰੇ, ਤਦ ਉਪਰੋਕਤ ਪੰਕਤੀਆਂ ਉਸਤੇ ਲਾਗੂ ਹੁੰਦੀਆਂ ਹਨ। ਇਸ ਤਰ੍ਹਾਂ ਅਵਤਾਰਾਂ ਅਤੇ ਸਤਿਗੁਰਾਂ ਦੇ ਦਿਨ ਮਨਾਉਣ ਵਿੱਚ ਵੀ ਫ਼ਰਕ ਹੈ। ਜਿਨ੍ਹਾਂ ਦਾ ਦਿਨ ਮਨਾਇਆ ਜਾਂਦਾ ਹੈ, ਓਹਨਾਂ ਦੇ ਇਤਿਹਾਸ ਦਾ ਪਤਾ ਹੋਣਾ ਜ਼ਰੂਰੀ ਹੈ। ਓਹਨਾਂ ਦੇ ਦੱਸੇ ਹੋਏ ਸੁਮਾਰਗ ਤੇ ਚੱਲਣਾ ਭੀ ਜ਼ਰੂਰੀ ਹੈ। ਸ਼ਰਧਾ ਨਾਲ ਇਸ਼ਨਾਨ ਅਤੇ ਜਾਪ ਕਰਨ ਨਾਲ ਹੀ ਅਸੀਂ ਦੇਵ ਬ੍ਰਿਤੀ ਵਾਲੇ ਬਣ ਸਕਦੇ ਹਾਂ।

ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਕਿੰਨ੍ਹਾਂ ਪ੍ਰਸਥਿਤੀਆਂ ਵਿਚ ਹੋਇਆ? ਕਿਉਂ ਲੋੜ ਪਈ ਓਨ੍ਹਾਂ ਨੂੰ ਅਵਤਾਰ ਧਾਰਨ ਦੀ? ਓਹ ਕਿਹੜੀ ਜੋਤ ਸੀ ਜਿਸ ਨੇ ਭਗਵਾਨ ਸ੍ਰੀ ਕ੍ਰਿਸ਼ਨ ਦਾ ਅਵਤਾਰ ਧਾਰਿਆ?

ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਧਾਰਨ ਵੇਲੇ ਇਸ ਧਰਤੀ 'ਤੇ ਕੀ ਕੁਝ ਹੋ ਰਿਹਾ ਸੀ? ਏਹ ਜਾਨਣ ਵਾਸਤੇ ਦਸਮ ਗ੍ਰੰਥ ਦੀਆਂ ਹੇਠਲੀਆਂ ਪੰਕਤੀਆਂ ਪੜ੍ਹਨੀਆਂ ਜ਼ਰੂਰੀ ਹਨ।

ਸ੍ਵੈਯਾ। ਦਈਤਨ ਕੇ ਭਰ ਤੇ ਡਰ ਤੇ
ਜੁ ਭਈ ਪ੍ਰਿਥਮੀ ਬਹੁ ਭਾਰਹਿ ਭਾਰੀ।
ਗਾਇ ਕੋ ਰੂਪੁ ਤਬੈ ਧਰ ਕੈ,
ਬ੍ਰਹਮਾ ਰਿਖ ਪੈ ਚਲ ਜਾਇ ਪੁਕਾਰੀ।
ਬ੍ਰਹਮ ਕਹਯੋ ਤੁਮਹੂੰ ਹਮਹੂੰ,
ਮਿਲ ਜਾਹਿ ਤਹਾਂ ਜਿਹ ਹੈ ਬ੍ਰਤਧਾਰੀ।
ਜਾਇ ਕਰੈ ਬਿਨਤੀ ਤਿਹ ਕੀ
ਰਘੁਨਾਥ ਸੁਨੋ ਏਹ ਬਾਤ ਹਮਾਰੀ।੧੦।
ਸ੍ਵੈਯਾ। ਬ੍ਰਹਮ ਕੋ ਅਗ੍ਰ ਸਭੈ ਧਰਕੈ
ਸੁ ਤਹਾਂ ਕੋ ਚਲੈ ਤਨ ਕੇ ਤਨੀਆ।
ਤਬ ਜਾਇ ਪੁਕਾਰ ਕਰੀ ਤਿਹ ਸਾਮੁਹਿ
ਰੋਵਤ ਤਾ ਮੁਨਿ ਜਯੋ ਹਨੀਆ।
ਤਾਂ ਛਬਿ ਕੀ ਅਤਿ ਹੀ ਉਪਮਾ
ਕਬ ਨੇ ਮਨ ਭੀਤਰ ਯੌ ਗਨੀਆ।
ਜਿਮ ਲੂਟੇ ਤੇ ਅਗ੍ਰਜ ਚਉਧਰੀ ਕੈ
ਕੁਟਵਾਰ ਪੈ ਕੂਕਤ ਹੈ ਬਨੀਆ।੧੧।
ਲੈ ਬ੍ਰਹਮਾਸੁਰ ਸੈਨ ਸਭੈ
ਤਹ ਦਉਰ ਗਏ ਜਹ ਸਾਗਰ ਭਾਰੀ।
ਜਾਇ ਪ੍ਰਨਾਮ ਕਰੋ ਤਿਨਕੋ
ਅਪਨੈ ਲਖਿ ਬਾਰਨਿ ਬਾਰ ਪਖਾਰੀ।
ਪਾਇ ਪਏ ਚਤੁਰਾਨਨ ਤਾਹਿ ਕੇ
ਦੇਖਿ ਬਿਵਾਨ ਤਹਾ ਬ੍ਰਤਿਧਾਰੀ।
ਬ੍ਰਹਮ ਕਹਯੋ ਬ੍ਰਹਮਾ ਕਹ ਜਾਹੁ
ਅਉਤਾਰ ਲੈ ਮੈ ਜਰ ਦੈਤਨ ਮਾਰੀ।੧੨।
ਸ੍ਵੈਯਾ। ਸ੍ਰਉਨਨ ਮੈ ਸੁਨਿ ਬ੍ਰਹਮ ਕੀ ਬਾਤ
ਸਭੈ ਮਨ ਦੇਵਨ ਕੇ ਹਰਖਾਨੇ।
ਕੈਕੈ ਪ੍ਰਨਾਮ ਚਲੇ ਗ੍ਰਿਹਿ ਆਪਨ
ਲੋਕ ਸਭੈ ਅਪਨੇ ਕਰ ਮਾਨੇ।
ਤਾ ਛਬਿਕੋ ਜਸ ਉਚ ਮਹਾ
ਕਬ ਨੇ ਅਪਨੇ ਮਨ ਮੈ ਪਹਿਚਾਨੇ।
ਗੋਧਨ ਭਾਂਤ ਗਯੋ ਸਭ ਲੋਕ
ਮਨੋ ਸੁਰ ਜਾਇ ਬਹੋਰ ਕੈ ਆਨੇ।੧੨।
ਬ੍ਰਹਮਬਾਚ॥ ਦੋਹਰਾ॥
ਫਿਰਿ ਹਰਿ ਇਹ ਆਗਿਆ ਦਈ
ਦੇਵਨ ਸਕਲ ਬੁਲਾਇ।
ਜਾਇ ਰੂਪ ਤੁਮਹੂੰ ਧਰੋ
ਹਉ ਹੂੰ ਰਿਹੌਂ ਆਇ॥੧੩॥
ਬਾਤ ਸੁਨੀ ਜਬ ਦੇਵਤਨ
ਕੋਟ ਪ੍ਰਨਾਮ ਜੋ ਕੀਨ।
ਆਪ ਸਮੇਤ ਸੁਧਾਮੀਐ ਲੀਨੇ ਰੂਪ ਨਵੀਨ ॥੧੪॥

ਉਪਰੋਕਤ ਸ੍ਵੈਯਾ ਅਤੇ ਦੋਹਰੇ ਇਸ ਭਾਵ ਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਹੋਣ ਸਮੇਂ ਧਰਤੀ 'ਤੇ ਅਧਰਮੀ ਲੋਕ ਭਾਰੂ ਹੋਏ ਪਏ ਸੀ। ਇਨ੍ਹਾਂ ਧਰਮ ਵਿਰੋਧੀ ਲੋਕਾਂ ਤੋਂ ਦੁਖੀ ਹੋ ਕੇ ਦੇਵਤੇ ਬ੍ਰਹਮਾ ਜੀ ਪਾਸ ਗਏ। ਬ੍ਰਹਮਾ ਜੀ ਨੇ ਕਿਹਾ ਕਿ ਚੱਲੋ ਉੱਥੇ ਚੱਲਦੇ ਹਾਂ ਜਿਥੇ "ਬ੍ਰਹਮ" (ਅਕਾਲ ਪੁਰਖ) ਹੈ।

ਬ੍ਰਹਮ ਦੇ ਪਾਸ ਜਾਣ ਤੇ ਬ੍ਰਹਮ (ਪਰਮੇਸ਼ਰ) ਨੇ ਕਿਹਾ ਕਿ ਤੁਸੀਂ ਸਭ ਚੱਲੋ ਅਤੇ ਮੈਂ ਭੀ ਦੈਂਤਾਂ ਦੇ ਬਧ (ਮਾਰਨ) ਕਰਨ ਵਾਸਤੇ ਆ ਕੇ ਅਵਤਾਰ ਲੈਂਦਾ ਹਾਂ। ਏਹ ਸੁਣਕੇ ਪ੍ਰਸੰਨ ਹੋ ਕੇ ਦੇਵਤਿਆਂ ਨੇ ਈਸ਼ਵਰ ਨੂੰ ਪ੍ਰਨਾਮ ਕੀਤੀ ਅਤੇ ਇਸ ਧਰਤੀ ਤੇ ਆਕੇ ਅਵਤਾਰ ਧਾਰਨ ਕੀਤਾ।

ਦਸਮੇਸ਼ ਜੀ ਲਿਖਦੇ ਹਨ–

ਉਗ੍ਰਸੈਨ ਕੀ ਕੰਨਿਕਾ

ਨਾਮ ਦੇਵਕੀ ਤਾਸ।
ਸੋਮਵਾਰ ਦਿਨ ਜਠਰ ਤੇ
ਕੀਨੋ ਤਾਹਿ ਪ੍ਰਕਾਸ।

ਦੇਵਕੀ ਵਾਸਤੇ ਵਰ-

ਦੂਤ ਪਠਯੋ ਤਿਨ ਜਾਇਕੈ
ਨਿਰਖਯੋ ਹੈ ਬਸੁਦੇਵ।
ਮਦਨ ਬਦਨ ਸੁਖ ਕੋ ਸਦਨ
ਲਖੈ ਤੱਤ ਕੋ ਭਵ।

ਮਾਤਾ ਦੇਵਕੀ ਤੋਂ ਬਾਅਦ ਦੇਵਕੀ ਦਾ ਵਿਆਹ ਬਸੁਦੇਵ ਜੀ ਨਾਲ ਹੋਇਆ। ਜਿਸ ਤਰ੍ਹਾਂ ਸ੍ਰੀ ਰਾਮਚੰਦ੍ਰ ਜੀ ਦੇ ਰਾਜ ਤਿਲਕ ਸਮੇਂ ਕੇਕਈ ਨੂੰ ਪ੍ਰੇਰਣਾ ਹੋਈ ਕਿ ਦਿੱਤੇ ਹੋਏ ਬਚਨ ਦਸਰਥ ਨੂੰ ਯਾਦ ਕਰਾ, ਜਿਸ ਤੋਂ ਰਾਜ ਤਿਲਕ ਭਰਤ ਨੂੰ ਮਿਲੇ, ਅਤੇ ਰਾਮ ਜੀ ਨੂੰ ਬਨਬਾਸ। ਏਹ ਕੁਛ ਹੋਇਆ ਤਾਂ ਰਾਮਚੰਦ੍ਰ ਜੀ ਨੇ ਸੀਤਾ ਲਛਮਣ ਸਮੇਤ ਬਨਬਾਸ ਕੀਤਾ ਅਤੇ ਓਨਾਂ ਪ੍ਰਿਥਵੀ ਤੋਂ ਸਭ ਰਾਖਸ਼ਾਂ ਦੇ ਅੰਤ ਕਰਨ ਦੀ ਪ੍ਰਤੱਗਯਾ ਕੀਤੀ।

ਨਿਸਚਰ ਹੀਨ ਪ੍ਰਿਥਵੀ ਕਰਉ
ਭੁਜ ਉਠਾਇ ਪ੍ਰਣ ਕੀਨ।

ਇਸੇ ਤਰ੍ਹਾਂ ਦੇਵਕੀ ਦੇ ਵਿਆਹ ਹੋਣ ਤਕ ਇਸ ਘਰ ਵਿੱਚ ਭੀ ਅਨੰਦ ਮੰਗਲਾ ਚਾਰ ਹੁੰਦਾ ਰਿਹਾ। ਵਿਆਹ ਤੋਂ ਬਾਅਦ ਕੰਸ ਬਸੁਦੇਵ ਜੀ ਦਾ ਵਿਰੋਧੀ ਕਿਉਂ ਬਣਿਆ? ਇਸ ਦਾ ਕੁਛ ਵੇਰਵਾ ਦਸਮੇਸ਼ ਜੀ ਦੀ ਲਿਖਤ ਅਨੁਸਾਰ ਇਓਂ ਹੈ-

ਕੰਸ ਲਵਾਏ ਜਾਤ ਤਿਨ
ਸਕਲ ਪ੍ਰਬਲ ਦਲ ਸਾਜ।
ਆਗੇ ਤੇ ਸ੍ਰਵਨਨ ਸੁਨੀ
ਬਿਧ ਕੀ ਅਸੁਭ ਆਵਾਜ॥

**ਨਭਿ ਬਾਨੀ ਬਾਚ ਕੰਸ ਸੋ-**

ਕਬਿਤੁ

ਦੁਖ ਕੇ ਹਰਨ ਬ੍ਰਿਧ ਸਿਧ ਕੇ ਕਰਨ ਰੂਪ
ਮੰਗਲ ਧਰਨ ਐਸੋ ਕਹਯੋਹੈ ਉਚਾਰਕੈ।
ਲੀਏ ਕਹਾ ਜਾਤ ਤੇਓ ਕਾਲ ਹੈ ਰੇ ਮੂੜ ਮਤਿ
ਆਠਵੋਂ ਗਰਭ ਯਾਕੋ ਤੋਕੋ ਡਾਰੈ ਮਾਰ ਕੈ।

ਏਹ ਅਸ਼ੁਭ ਆਕਾਸ਼ ਬਾਨੀ ਕੰਸ ਨੂੰ ਹੋਈ ਕਿ ਜਿਹਨਾਂ ਨੂੰ ਤੂੰ ਲਈ ਜਾ ਰਿਹਾ ਹੈਂ ਇਹਨਾਂ ਵਿੱਚੋਂ ਜੋ ਪੁਤ੍ਰ ਪੈਦਾ ਹੋਣੇ ਹਨ, ਅੱਠਵਾਂ ਪੁਤ੍ਰ ਤੇਰਾ ਬਧ ਕਰੇਗਾ। ਏਹ ਸੁਣ ਕੇ ਕੰਸ ਨੇ ਮਿਆਨ ਵਿੱਚੋਂ ਤਲਵਾਰ ਕੱਢ ਲਈ। ਬਸੁਦੇਵ ਅਤੇ ਦੇਵਕੀ (ਆਪਣੀ ਭੈਣ) ਨੂੰ ਮਾਰ ਦੇਣ ਵਾਸਤੇ ਤਿਆਰ ਹੋਇਆ। ਦਸਮੇਸ਼ ਜੀ ਲਿਖਦੇ ਹਨ-

ਦੋਹਰਾ

ਕੰਸ ਦੁਹੂ ਕੇ ਬਧ ਨਮਿਤ
ਲੀਨੋ ਖੜਗ ਨਿਕਾਰ।
ਬਸੁਦੇਵ ਅਰੁ ਦੇਵਕੀ
ਡਰੇ ਦੋਊ ਨਰਿ ਨਾਰ॥
ਬਾਸਦੇਵ ਬਾਚ ਕੰਸ ਸੋ॥

ਦੋਹਰਾ

ਬਾਸਦੇਵ ਡਰ ਮਾਨ ਕੈ
ਤਾਸੋ ਕਹੀ ਸੁਨਾਇ॥
ਜੋ ਯਾਹੀ ਤੇ ਜਨਮ ਹੈ
ਮਾਰਹੁ ਤਾਕੋ ਰਾਇ॥

ਬਾਸਦੇਵ ਨੇ ਆਖਿਆ ਕਿ ਸਾਨੂੰ ਨਾ ਮਾਰ, ਜੋ ਭੀ ਪੁੱਤ੍ਰ ਸਾਡੇ ਘਰ ਜਨਮ ਲਵੇਗਾ ਉਸਨੂੰ ਮਾਰ ਦੇਈਂ। ਏਹ ਸੁਣਕੇ ਕੰਸ ਨੇ ਬਾਸਦੇਵ ਅਤੇ ਦੇਵਕੀ ਨੂੰ ਮਥਰਾ ਲੈਜਾ ਕੇ ਕੈਦ ਕਰ ਦਿੱਤਾ। ਓਥੇ ਜੋ ਪੁੱਤ੍ਰ ਪੈਦਾ ਹੁੰਦੇ ਕੰਸ ਓਹਨਾਂ ਨੂੰ ਮਾਰੀ ਜਾਂਦਾ।

ਅਉਰ ਭਯੋ ਸੁਤ ਜੋ ਤਿਹਕੇ ਗ੍ਰਿਹਿ
ਤਉ ਨ੍ਰਿਪ ਕੰਸ ਮਹਾ ਮਤਿ ਹੀਨੋ।
ਸੇਵਕ ਭੇਜ ਦਏ ਤਿਨ ਲਯਾਇ ਕੈ
ਪਾਥਰ ਪੈ ਹਨਿ ਕੈ ਪੁਨਿ ਦੀਨੋ।

ਇਸ ਤਰ੍ਹਾਂ ਛੇ ਪੁੱਤ੍ਰ ਮਾਰ ਦਿੱਤੇ। ਸਤਵਾਂ ਬਲਭੱਦ੍ਰ ਜਦੋਂ ਗਰਭ ਵਿੱਚ ਸੀ, ਤਾਂ ਬਸੁਦੇਵ ਅਤੇ ਦੇਵਕੀ ਨੇ ਮੰਤ੍ਰ ਜਾਪ ਕਰਕੇ ਬਸੁਦੇਵ ਦੀ ਦੂਸਰੀ ਇਸਤਰੀ ਰੋਹਿਣੀ ਜੋ ਦੇਵਕੀ ਦੀ ਭੈਣ ਹੀ ਸੀ, ਉਸਦੇ ਗਰਭ ਵਿਚ ਭੇਜ ਦਿੱਤਾ। ਜਿਹਾ ਕਿ

ਜੌ ਬਲਭਦ੍ਰ ਭਯੋ ਗਰਭਾਂਤਰ
ਤੌ ਦੁਹੂੰ ਬੈਠਕੇ ਮੰਤ੍ਰ ਕਰਿਓ ਹੈ।
ਤਾਹੀ ਤੇ ਮੰਤ੍ਰ ਕੇ ਜੋਰ ਸੋ ਕਾਢਕੈ
ਰੋਹਨੀ ਕੇ ਉਸ ਬੀਰ ਧਰਿਓ ਹੈ।

ਇਸ ਤੋਂ ਬਾਅਦ ਕ੍ਰਿਸ਼ਨ ਜੀ ਦੀ ਵਾਰੀ। ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਹੋਣ ਦਾ ਵਰਣਨ ਦਸਮੇਸ਼ ਜੀ ਨੇ ਇਓਂ ਲਿਖਿਆ ਹੈ-

ਦੋਹਰਾ

ਕ੍ਰਿਸ਼ਨ ਕ੍ਰਿਸ਼ਨ ਕਰ ਸਾਧ ਦੋ
ਬਿਸ਼ਨ ਕ੍ਰਿਸ਼ਨ ਪਤਿ ਜਾਸ।
ਕ੍ਰਿਸ਼ਨ ਬਿਸ਼ੂ ਤਰਬੇ ਨਮਿਤ
ਤਨ ਮੈਂ ਕਰਯੋ ਪ੍ਰਕਾਸ।

ਸ੍ਵੈਯਾ।

ਸੰਖ ਗਦਾ ਕਰ ਅਉਰ ਤ੍ਰਿਸੂਲ
ਧਰੇ ਤਨ ਕਉਚ ਬਡੇ ਬਡਭਾਗੀ।
ਨੰਦ ਗਹੈ ਕਰ ਸਾਰੰਗ ਸਾਰੰਗ
ਪੀਤ ਧਰੈ ਪਟ ਪੈ ਅਨੁਰਾਗੀ।
ਸੋਈ ਹੁਤੀ ਜਨਮਯੋ ਇਹ ਕੇ ਗ੍ਰਿਹਿ
ਕੈ ਡਰਪੈ ਮਨ ਮੈ ਉਠ ਜਾਗੀ।
ਦੇਵਕੀ ਪੁਤ੍ਰ ਨ ਜਾਨਯੋ ਲਖਿਓ ਹਰਿ
ਕੈ ਕੈ ਪ੍ਰਨਾਮ ਸੁ ਪਾਇਨ ਲਾਗੀ।

ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਣਾ ਸੁਣ ਕੇ ਦੇਵਤੇ ਪ੍ਰਸੰਨ ਹੋਏ ਕਿ ਹੁਣ ਦੈਂਤਾਂ-ਦੁਸ਼ਟਾਂ ਦਾ ਨਾਸ਼ ਹੋਵੇਗਾ-

ਆਨੰਦ ਸੌਂ ਸਭ ਦੇਵਤਨ
ਸੁਮਨ ਦੀਨ ਬਰਖਾਇ।
ਸ਼ੋਕ ਹਰਨ ਦੁਸ਼ਟਨ ਦਲਨ
ਪ੍ਰਗਟੇ ਜਗ ਮੋ ਆਇ।

ਸੱਤਜ ਅਤੇ ਅਸੱਤਜ, ਦੋ ਪੱਖ ਪਰਮੇਸ਼ਰ ਨੇ ਉਤਪਨ ਕੀਤੇ ਹਨ। ਕਦੇ ਪਹਿਲਾ ਭਾਰੂ ਤੇ ਕਦੇ ਪਹਿਲੇ ਤੇ ਦੂਜਾ ਭਾਰੂ ਹੁੰਦੇ ਆਏ ਹਨ। ਇਹੋ ਹੀ ਪਰਿਵਰਤਨ ਦਾ ਕਾਰਨ ਬਣਕੇ ਸ਼ਾਂਤੀ ਤੇ ਅਸ਼ਾਂਤੀ ਵਾਲੇ ਮਨ ਲੋਕਾਂ ਦੇ ਬਣਾਉਂਦੇ ਹਨ। ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਣਾ ਭੀ ਇਕ ਪਰਿਵਰਤਨ ਸੀ।

ਸ੍ਰਿਸ਼ਟੀ ਤੇ ਉਪਦ੍ਰੱਵ ਹੋਣ ਨਾਲ ਸਾਧੂਆਂ ਨੂੰ ਗਰੀਬਾਂ ਨੂੰ ਜਦੋਂ ਭਾਰੀ ਕਸ਼ਟ ਹੁੰਦਾ ਹੈ, ਉਨ੍ਹਾਂ ਦੀ ਸਹਾਇਤਾ ਵਾਸਤੇ ਪ੍ਰਮੇਸ਼ਰ ਕਿਸੇ ਨ ਕਿਸੇ ਰੂਪ ਵਿਚ ਆਉਂਦਾ ਹੈ। ਚੋਵੀ ਅਵਤਾਰਾਂ ਦੀ ਕਥਾ ਦੇ ਆਰੰਭ ਦਸਮੇਸ਼ ਜੀ ਨੇ ਲਿਖਿਆ ਹੈ-

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।

ਉਪਰੋਕਤ ਪੰਕਤੀਆਂ ਦੇ ਭਾਵ ਦੇ ਵਰਨਣ ਤੁਲਸੀ ਰਾਮਾਯਣ ਵਿਚ ਭੀ ਮਿਲਦੇ ਹਨ। ਸ੍ਰੀ ਰਾਮ ਚੰਦ੍ਰ ਜੀ ਦੇ ਜਨਮ ਦਾ ਵਰਣਨ ਤੁਲਸੀ ਦਾਸ ਜੀ ਨੇ ਕੀਤਾ ਹੈ-

ਜਬ ਜਬ ਹੋਇ ਧਰਮ ਕੀ ਹਾਨੀ।
ਬਾਢਹਿੰ ਅਸੁਰ ਅਧਮ ਅਭਿਮਾਨੀ।
ਆਪ ਪ੍ਰਭੂ ਧਰ ਮਨੁਜ ਸਰੀਰਾ।
ਹੋਇਹਿ ਕ੍ਰਿਪਾ ਨਿਧ ਸਜਨ ਪੀਰਾ।

ਅਧਰਮੀ ਲੋਕਾਂ ਦੇ ਵਧ ਕਰਨ 'ਤੇ, ਧਰਮ ਦੀ ਹਾਨੀ ਰੋਕਣ ਵਾਸਤੇ ਸ੍ਰੀ ਰਾਮ ਚੰਦ੍ਰ ਜੀ ਨੇ ਅਵਤਾਰ ਧਾਰਨ ਕੀਤਾ, ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਦੇ ਸਦ ਉਪਦੇਸ਼ ਵਿਚ ਇਸੇ ਤੱਥ ਨੂੰ ਇਓਂ ਵਰਨਣ ਕੀਤਾ ਹੈ-

ਯਦਹ ਯਦਹ ਧਰਮੱਸਜ
ਗਿਲਾਨਿਰ ਭਵਤਿ ਭਾਰਤ
ਅਭਯੁਤਥਾਨਮ ਧ੍ਰਮੱਸਜ
ਪ੍ਰਤਾਣਾਯ ਸਾਧੂਨਾਂ ਵਿਨਾਸ਼ਚਜ
ਦੁਸ਼ਕ੍ਰਿਤਾਮ। ਧਰਮ ਸੰਸਥਾ ਪਨਾਂਰਥਜ
ਸੰਭਵਾਮੀ ਯੁਗੇ ਯੁਗੇ॥
(ਗੀਤਾ ਅਧਯਾਇ 4)

ਸ੍ਰੀ ਦਸਮੇਸ਼ ਜੀ ਨੇ ਜਦ ਅਵਤਾਰ ਧਾਰਨ ਕੀਤਾ ਤਦ ਆਪਣੇ ਅਵਤਾਰ ਧਾਰਨ ਕਰਨ ਦਾ ਮਨੋਰਥ ਜੋ ਓਨਾਂ ਲਿਖਿਆ ਉਹ ਭੀ ਇਸੇ ਪੱਖ ਦੀ ਪੁਸ਼ਟੀ ਕਰਦਾ ਹੈ-

ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨ।

ਸਾਡੇ ਦੇਸ਼ ਦੀ ਵਰਤਮਾਨ ਦਸ਼ਾ ਨੂੰ ਕੀ ਆਖਿਆ ਜਾਵੇ? ਏਹ ਵਿਦਵਾਨ ਹੀ ਸਮਝ ਸਕਦੇ ਹਨ। ਔਣ ਵਾਲੇ ਸਮੇਂ ਵਿਚ ਕਿਹੋ ਜਿਹੇ ਉਤਪਾਦ ਹੋਣਗੇ? ਕੋਈ ਅੰਦਾਜ਼ਾ ਨਹੀਂ ਕੀਤਾ ਜਾ ਸਕਦਾ। ਕੀ ਹੋਣਾ ਹੈ? ਕੋਈ ਸਹੀ ਭਵਿੱਖ ਬਾਣੀ ਨਹੀਂ ਕਰ ਸਕਦਾ। ਜੇ ਜਯੋਤਸ਼ੀ ਹੈ, ਜਾਂ ਉਹ ਡਰਦਾ ਭਵਿੱਖ ਦੀ ਕੋਈ ਸੱਚੀ ਗੱਲ ਨਹੀਂ ਦੱਸਦਾ ਅਤੇ ਜਾਂ ਜਯੋਤਸ਼ੀਆਂ ਦੀਆਂ ਬੁੱਧੀਆਂ ਹੀ ਮਲੀਨ ਹਨ, ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੀਆਂ ਘਟਨਾਵਾਂ ਬਾਰੇ ਸਹੀ ਤੱਥ ਜਾਣਨ ਦੀ ਸਮਰੱਥਾ ਹੀ ਨਹੀਂ। ਪਰ ਇਹ ਗੱਲ ਸਪੱਸ਼ਟ ਹੈ। ਸਮਾਂ ਹੁਣ ਇਹੋ ਜਿਹਾ ਬਣ ਰਿਹਾ ਹੈ ਕਿ ਕੁਛ ਨ ਕੁਛ ਅਸਾਧਾਰਣ ਵਾਪਰਣ ਵਾਲਾ ਹੈ। ਕਿਸ ਤਰ੍ਹਾਂ ਦਾ ਅਤੇ ਕਦੋਂ? ਏਹ ਪਰਮੇਸ਼ਰ ਹੀ ਜਾਣਦਾ ਹੈ। ਪਰ ਇਹ ਸਮਝਣ ਵਿੱਚ ਕੋਈ ਕਠਿਨਾਈ ਨਹੀਂ ਕਿ ਪਿਛਲੀਆਂ ਕਥਾ ਅਨੁਸਾਰ ਨਮਿਤ ਅਵਤਾਰ ਪ੍ਰਗਟ ਹੋਣ ਤੋਂ ਪਹਿਲਾਂ ਜੋ ਪ੍ਰਸਥਿਤੀਆਂ ਬਣਦੀਆਂ ਰਹੀਆਂ ਹਨ, ਹੁਣ ਭੀ ਓਹੋ ਜਿਹੀਆਂ ਬਣ ਰਹੀਆਂ ਹਨ।

# ਇਕ ਖ਼ਾਬ

ਡਾ. ਸਲੀਮ-ਉਲ-ਰਹਿਮਾਨ

ਇਕ ਬੂਹੇ ਦੇ ਖੁੱਲ੍ਹਣ ਨਾਲ
ਹਜ਼ਾਰਾਂ ਬੂਹੇ ਖੁਲ੍ਹਦੇ ਜਾਵਣ
ਆਖ਼ਿਰ ਦੀ ਦਹਿਲੀਜ਼ ਦੇ ਅੰਦਰ
ਨਿੰਮਾਂ ਨਿੰਮਾਂ ਚਾਨਣ
ਕਾਲੀ ਮਖਮਲ ਦੇ ਬਿਸਤਰ 'ਤੇ
ਸੁਰਖ਼ ਫੁੱਲਾਂ ਦੀਆਂ ਲੜੀਆਂ।

ਆਸੇ ਪਾਸੇ ਪੱਥਰ ਦੇ ਬੁੱਤ
ਅੱਖੀਂ ਹੀਰਿਆਂ ਜੜੀਆਂ।
ਕੰਧਾਂ 'ਚੋਂ ਆਵਾਜ਼ ਇਹ ਆਵੇ
ਆਪਣਾ ਘਰ ਭੁੱਲ ਜਾਵਣ ਵਾਲੇ
ਵਰ੍ਹਿਆਂ ਤੋਂ ਮੈਂ
ਇਕ ਉਡੀਕ ਤੇਰੀ ਵਿੱਚ
ਦੀਵਾ ਬਾਲੀ ਖੜੀ ਆਂ।"

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ

✍–ਦਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗਿਆਨ ਦੇ ਸਾਗਰ ਹਨ। ਉਸ ਵਿਚ ਦਰਜ ਗੁਰੂ ਸਾਹਿਬਾਨ ਅਤੇ ਹੋਰ ਮਹਾਂ ਪੁਰਸ਼ਾਂ ਦੀ ਬਾਣੀ ਜਗਿਆਸੂਆਂ ਲਈ ਰਾਹ ਦਸੇਰਾ ਬਣਦੀ ਹੈ। ਉਸ ਨੂੰ ਅਕਾਲ ਪੁਰਖ ਨਾਲ ਅਭੇਦ ਹੋਣ ਦਾ ਮਾਰਗ ਦੱਸਦੀ ਹੈ ਅਤੇ ਸਿੱਖ ਦਾ ਲੋਕ ਸੁਖੀਆ, ਪਰਲੋਕ ਸੁਹੇਲਾ ਕਰਨ ਦਾ ਮਾਰਗ ਦੱਸਦੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਕਾਲ ਪੁਰਖ ਨਾਲ ਲਿਵ ਜੁੜਦੀ ਸੀ ਤਾਂ ਉਹ ਭਾਈ ਮਰਦਾਨਾ ਜੀ ਨੂੰ ਆਖਦੇ, "ਮਰਦਾਨਿਆ,ਰਬਾਬ ਵਜਾ ਬਾਣੀ ਆਈ ਹੈ।" ਫਿਰ ਜਦੋਂ ਭਾਈ ਮਰਦਾਨਾ ਜੀ ਰਬਾਬ ਸੁਰ ਕਰਦੇ ਤਾਂ ਗੁਰੂ ਜੀ ਵਜ਼ਦ ਵਿਚ ਆ ਕੇ ਬਾਣੀ ਦਾ ਗਾਇਨ ਕਰਦੇ ਤਾਂ ਸਮੁੱਚੀ ਕਾਇਨਾਤ ਝੂਮ ਉੱਠਦੀ ਸੀ। ਇਹ ਬਾਣੀ "ਖ਼ਸਮ ਕੀ ਬਾਣੀ" ਹੈ, ਇਹ ਬਾਣੀ "ਧੁਰ ਕੀ ਬਾਣੀ" ਜੋ ਸਰਬ ਸਾਂਝੀਵਾਲਤਾ ਦਾ ਪੈਗਾਮ ਦੇਂਦੀ ਹੈ, ਉੱਥੇ ਜਾਤ-ਪਾਤ ਨੂੰ ਮੰਨਿਆ ਨਹੀਂ ਗਿਆ ਹੈ। ਉਸ ਵਿੱਚ ਭਗਤ ਰਵਿਦਾਸ ਜੀ ਚਮਾਰ, ਭਗਤ ਕਬੀਰ ਜੀ ਜੁਲਾਹਾ, ਭਗਤ ਨਾਮਦੇਵ ਜੀ ਛੀਂਬਾ, ਭਗਤ ਧੰਨਾ ਜੀ ਜੱਟ ਤੇ ਬਾਬਾ ਫ਼ਰੀਦ ਜੀ ਮੁਸਲਮਾਨ ਆਦਿਕ ਜਿਨ੍ਹਾਂ ਨੇ ਇੱਕ ਨਿਰਗੁਣ ਅਕਾਲ ਪੁਰਖ ਦੀ ਅਰਾਧਨਾ ਕੀਤੀ ਸੀ, ਦੀ ਬਾਣੀ ਨੂੰ ਸ਼ਾਮਿਲ ਕੀਤਾ ਸੀ। ਗੁਰੂ ਸਾਹਿਬਾਨਾਂ ਨੇ ਗੁਰਬਾਣੀ ਦੀ ਵਡਿਆਈ ਕਰਦੇ ਹੋਏ ਆਪਣੀ ਮੁਬਾਰਕ ਕਲਮ ਨਾਲ ਇਸ ਪ੍ਰਕਾਰ ਲਿਖਿਆ ਹੈ–

**(ੳ) ਧੁਰ ਕੀ ਬਾਣੀ ਆਈ॥**
**ਤਿਨਿ ਸਗਲੀ ਚਿੰਤ ਮਿਟਾਈ॥** (ਪੰਨਾ-628)[1]

**(ਅ) ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ॥**
**ਆਠ ਪਹਰ ਹਰਿ ਸਿਮਰਹੁ ਪ੍ਰਾਣੀ॥** (ਪੰਨਾ-1340)[2]

**(ੲ) ਜੈਸੀ ਮੈ ਆਵੈ ਖਸਮ ਕੀ ਬਾਣੀ॥**
**ਤੈਸੜਾ ਕਰੀ ਗਿਆਨ ਵੇ ਲਾਲੋ॥** (ਪੰਨਾ- 722)[3]

**ਬਾਣੀ ਦੀ ਸੰਪਾਦਨਾ ਦੀ ਲੋੜ ਕਿਉਂ ਪਈ:–**

ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਆਪ ਗੁਰੂ ਸਾਹਿਬਾਨ ਨੇ ਕੀਤੀ ਹੈ ਅਤੇ ਸਮੁੱਚੀ ਬਾਣੀ ਦੀ ਸੰਭਾਲ ਵੀ ਆਪ ਹੀ ਕੀਤੀ ਸੀ। ਫਿਰ ਉਸ ਬਾਣੀ ਨੂੰ ਇਕ ਗੁਰੂ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਦੂਜੇ ਗੁਰੂ ਸਾਹਿਬ ਨੂੰ ਸੌਂਪਣਾ ਕਰ ਦਿੱਤੀ ਜਾਂਦੀ ਸੀ। ਇਸ ਪ੍ਰਕਾਰ ਇਹ ਸਿਲ-ਸਿਲਾ ਚੱਲਦਾ ਰਿਹਾ। ਇਤਿਹਾਸ ਗਵਾਹ ਹੈ ਕਿ ਸਮੁੱਚੇ ਜਗਤ ਤੋਂ ਨਿਆਰੇ ਸਿੱਖ ਧਰਮ ਦੇ ਪਹਿਲੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਗਲੇ ਵਾਰਸ ਦੀ ਚੋਣ ਕਰਨ ਦਾ ਨਵਾਂ ਢੰਗ ਖੋਜਿਆ ਅਰਥਾਤ ਸਭ ਤੋਂ ਵੱਧ ਸੇਵਾ, ਸਿਮਰਨ ਅਤੇ ਆਗਿਆਕਾਰੀ ਸਿੱਖ ਨੂੰ ਗੁਰਗੱਦੀ ਦਾ ਅਗਲਾ ਵਾਰਸ ਨਿਯੁਕਤ ਕੀਤਾ ਜਾਂਦਾ ਸੀ। ਉਹਨਾਂ ਦੁਆਰਾ ਰਚੀ ਗਈ ਧੁਰ ਕੀ ਬਾਣੀ ਦੀ ਬਰਾਬਰੀ ਕੋਈ ਵੀ ਕੱਚਾ-ਪਿੱਲਾ ਗੁਰਸਿੱਖ ਨਹੀਂ ਸੀ ਕਰ ਸਕਦਾ। ਪਰੰਤੂ ਫਿਰ ਵੀ ਕੁਝ ਗੁਰੂ ਦੋਖੀ ਖ਼ਾਸ ਕਰਕੇ ਪ੍ਰਿਥੀ ਚੰਦ ਦੀ ਔਲਾਦ ਨਾਨਕ ਛਾਪ ਵਾਲੀ ਬਾਣੀ ਦੀ ਰਚਨਾ ਸਿੱਖ ਜਗਤ ਵਿੱਚ ਦੁਬਿਧਾ ਉਪਜਾ ਰਹੀ ਸੀ। ਭਾਈ ਕੇਸਰ ਸਿੰਘ ਛਿੱਬਰ ਪੁਸਤਕ " ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿੱਚ ਇਸ ਪ੍ਰਕਾਰ ਲਿੱਖਦੇ ਹਨ:-[4]

**ਮਿਹਰਬਾਨ ਪੁੱਤ ਪ੍ਰਿਥੀਏ ਕਾ ਕਬੀਸਰੀ ਪੜ੍ਹੇ।**
**ਪਰਸੀ ਹਿੰਦਵੀ ਸਹੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।**
**ਤਿਨ ਭੀ ਬਾਨੀ ਬਹੁਤ ਬਣਾਈ।**
**ਭੋਗ ਗੁਰੂ ਨਾਨਕ ਜੀ ਦਾ ਹੀ ਪਾਈ॥ ੯੭॥**

ਇਥੇ ਹੀ ਬਸ ਨਹੀਂ, ਇੱਕ ਦਿਨ ਇੱਕ ਕੀਰਤਨੀਏ ਸਿਖ ਨੇ ਪੰਚਮ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਇੱਕ ਕੱਚੀ ਬਾਣੀ ਦੇ ਸ਼ਬਦ ਦਾ ਕੀਰਤਨ ਕੀਤਾ ਤਾਂ ਗੁਰੂ ਜੀ ਨੇ ਸ਼ਬਦ ਸੁਣ ਕੇ ਕੱਚੀ ਬਾਣੀ ਨੂੰ ਸੰਗਤ ਨੂੰ ਪੜ੍ਹਨ ਤੋਂ ਰੋਕ ਦਿੱਤਾ। ਕੇਸਰ ਸਿੰਘ ਛਿੱਬਰ ਲਿਖਦੇ ਹਨ:-

**ਕਿਸੇ ਸਿੱਖ ਸ਼ਬਦ ਮਿਹਰਵਾਨ ਦਾ ਕੀਰਤਨ ਪੜ੍ਹਿਆ।**
**ਸੋ ਸਰਵਣੀ ਗੁਰੂ ਅਰਜਨ ਜੀ ਦੀ ਪਰਿਆ॥ ੯੨॥**

ਹੁਣ ਪੰਚਮ ਪਾਤਸ਼ਾਹ ਜੀ ਨੇ ਭਾਈ ਗੁਰਦਾਸ ਜੀ ਨਾਲ ਕੱਚੀ ਬਾਣੀ ਨੂੰ ਨਿਖੇੜਨ ਲਈ ਸਲਾਹ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਨ ਲਈ ਵਿਉਂਤ ਬੰਦੀ ਕੀਤੀ। ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ:-

**ਬਚਨ ਕੀਤਾ–**
**ਭਾਈ ਗੁਰਦਾਸ,ਗੁਰੂ ਕੀ ਬਾਣੀ ਜੁਦਾ ਕਰੀਏ।**
**ਮੀਣੇ ਪਾਂਧੇ ਨੀ ਰਲਾ, ਸੋ ਵਿਚ ਰਲਾਨਾ ਪਰੀਏ।**
**ਸੋ ਸਾਹਿਬ ਬਾਣੀ ਅਗੇ ਹੀ ਉਚਾਰ ਕਰਤ ਸੇ ਭਏ।**
**ਸੋ ਭਾਈ ਗੁਰਦਾਸ ਸਭ ਇਕਤ੍ਰ ਕਰ ਲਏ॥ ੯੩॥**

**ਬਾਣੀ ਇਕੱਤਰ ਕਿਵੇਂ ਹੋਈ:-**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਿਲ ਗੁਰਬਾਣੀ ਨੂੰ ਸੰਗ੍ਰਹਿਤ ਕਿਵੇਂ ਕੀਤਾ ਗਿਆ ਅਤੇ ਬਾਣੀ ਦੀ ਢੂੰਡ ਭਾਲ ਕਿਵੇਂ ਕੀਤੀ ਗਈ? ਇਹ ਇੱਕ ਅਤਿ ਰੋਚਕ ਪ੍ਰਸ਼ਨ ਹੈ। ਇਤਿਹਾਸ ਗਵਾਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਈ ਬਾਲਾ ਅਤੇ ਭਾਈ ਮਰਦਾਨਾ ਜੀ ਨਾਲ ਸਾਰੇ ਹਿੰਦੁਸਤਾਨ (ਵਰਤਮਾਨ ਪਾਕਿਸਤਾਨ) ਅਤੇ ਲੰਕਾ ਆਦਿਕ ਦੇਸ਼ਾਂ ਵਿੱਚ ਚਾਰ ਉਦਾਸੀਆਂ ਕੀਤੀਆਂ ਅਤੇ ਇੱਕ ਅਕਾਲ ਪੁਰਖ ਦੀ ਅਰਾਧਨਾ ਕਰਨ ਦਾ ਉਪਦੇਸ਼ ਕੀਤਾ। ਗੁਰੂ ਜੀ ਉਦਾਸੀਆਂ ਸਮੇਂ ਇੱਕ ਕਿਤਾਬ ਆਪਣੇ ਕੋਲ ਰੱਖਿਆ ਕਰਦੇ ਸਨ ਜਿਸ ਵਿਚ ਉਹ ਆਪਣੀ ਗਾਇਨ ਕੀਤੀ ਬਾਣੀ ਨੂੰ ਸੰਗ੍ਰਹਿ ਕਰਦੇ ਸਨ ਭਾਈ ਗੁਰਦਾਸ ਜੀ ਲਿਖਦੇ ਹਨ:-

**ਆਸਾ ਹਥਿ ਕਿਤਾਬ ਕਛਿ ਕੂਜਾ ਬਾਗ ਮੁਸੱਲਾ ਧਾਰੀ॥**

(ਪੰਨਾ- 1/32)

ਗੁਰੂ ਨਾਨਕ ਪਾਤਸ਼ਾਹ ਜੀ ਨੇ ਉਦਾਸੀਆਂ ਕਰਨ ਤੋਂ ਬਾਅਦ ਆਪਣੇ ਕਰਤਾਰਪੁਰ ਨਿਵਾਸ ਸਮੇਂ ਵੀ ਬਾਣੀ ਨੂੰ ਉਚਾਰਿਆ ਸੀ ਅਤੇ ਫਿਰ ਆਪਣੀ ਸਾਰੀ ਬਾਣੀ ਨੂੰ ਤਰਤੀਬ ਦਿੱਤੀ ਸੀ। ਇਸ ਤੋਂ ਬਿਨਾਂ ਉਹਨਾਂ ਨੇ ਬਾਬਾ ਫ਼ਰੀਦ ਜੀ, ਭਗਤ ਕਬੀਰ ਜੀ, ਭਗਤ ਧੰਨਾ ਜੀ, ਭਗਤ ਨਾਮਦੇਵ ਆਦਿਕ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ ਅਤੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਦੀ ਸੌਂਪਣਾ ਗੁਰੂ ਅੰਗਦ ਦੇਵ ਜੀ ਨੂੰ ਕਰਨ ਸਮੇਂ ਉਹ ਸਾਰੀ ਸੰਗ੍ਰਹਿ ਕੀਤੀ ਬਾਣੀ ਵੀ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਗਈ। ਇਸ ਬਾਰੇ "ਪੁਰਾਤਨ ਜਨਮ ਸਾਖੀ"[5] ਵਿੱਚ ਇਸ ਪ੍ਰਕਾਰ ਲਿਖਿਆ ਹੈ:-

**"ਤਿਤ ਮਹਿਲ ਜੋ ਸਬਦ ਹੋਆ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗਿ ਮਿਲੀ।"**

ਇਸ ਪ੍ਰਥਾਇ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਵੀ ਜ਼ਿਕਰ ਆਇਆ ਹੈ:-

**"ਪ੍ਰਸਿੰਨ ਹੋ ਕਰ ਬਾਣੀ ਕਾ ਖਜ਼ਾਨਾ ਗੁਰੂ ਅੰਗਦ ਦੇ ਹਵਾਲੇ ਕੀਤਾ।"**

ਫਿਰ ਉਹੋ ਬਾਣੀ ਦੇ ਸੰਗ੍ਰਹਿ ਗੁਰੂ ਅੰਗਦ ਜੀ ਤੋਂ ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮ ਦਾਸ ਜੀ ਤਕ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਅਰਜਨ ਦੇਵ ਜੀ ਤੱਕ ਪਹੁੰਚੀ। ਹਰਿ ਜੀ ਰਚਿਤ "ਗੋਸਟਾਂ ਮਿਹਰਵਾਨ ਜੀ ਕੀਆਂ" ਵਿੱਚ ਦੂਸਰੀ ਗੋਸ਼ਟ ਵਿੱਚ ਲਿਖਿਆ ਹੈ:-

**"ਗੁਰੂ ਰਾਮ ਦਾਸਿ ਸੰਬਤੁ 1638 ਭਾਦ੍ਰੋ ਸੁਦੀ 3 ਕਉ ਸ਼ਬਦ ਕੀ ਥਾਪਨਾ ਗੁਰੂ ਅਰਜਨ ਕਉ ਦੇ ਕਰਿ ਆਪਿ ਸੱਚਖੰਡ ਕਉ ਸਿਧਾਰੇ।"**

**ਗੋਇੰਦਵਾਲ ਵਾਲੀਆਂ ਪੋਥੀਆਂ ਲਿਆਉਣੀਆਂ:**

ਭਾਵੇਂ ਬਹੁਤ ਸਾਰੀ ਬਾਣੀ ਪੰਚਮ ਪਾਤਸ਼ਾਹ ਜੀ ਕੋਲ ਇਕੱਤਰ ਹੋ ਚੁੱਕੀ ਸੀ ਪ੍ਰੰਤੂ ਫਿਰ ਵੀ ਜਿੱਥੇ ਕਿਤੇ ਕੋਈ ਕੰਨਸੋਅ ਮਿਲੀ, ਗੁਰੂ ਜੀ ਨੇ ਉਸ ਬਾਣੀ ਨੂੰ ਘੋਖਿਆ ਅਤੇ ਕੱਚੀ-ਪਿੱਲੀ ਬਾਣੀ ਨੂੰ ਰੱਦ ਕਰ ਦਿੱਤਾ। ਉਦਾਹਰਣ ਵਜੋਂ ਇੱਕ ਸਿੱਖ ਨੂੰ ਸੰਗਲਾਦੀਪ ਭੇਜ ਕੇ ਗੁਰੂ ਨਾਨਕ ਜੀ ਨਾਲ ਜੋੜੀ ਜਾਂਦੀ ਬਾਣੀ "ਪ੍ਰਾਣ ਸੰਗਲੀ" ਨੂੰ ਮੰਗਵਾਇਆ ਸੀ। ਫਿਰ ਗੋਇੰਦਵਾਲ ਸਾਹਿਬ ਤੋਂ ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਨੂੰ ਮੰਗਵਾਉਣ ਲਈ ਕ੍ਰਮਵਾਰ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨੂੰ ਭੇਜਿਆ ਗਿਆ, ਪ੍ਰੰਤੂ ਉਹ ਕਾਮਯਾਬ ਨਾ ਹੋ ਸਕੇ। ਫਿਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਗੋਇੰਦਵਾਲ ਗਏ ਅਤੇ ਇੱਕ ਛੰਤ ਬਾਬਾ ਮੋਹਨ ਜੀ ਦੀ ਉਸਤਤ ਵਿੱਚ ਉਚਾਰਿਆ। ਸਰੂਪ ਦਾਸ ਭੱਲਾ ਆਪਣੇ ਗ੍ਰੰਥ "ਮਹਿਮਾ ਪ੍ਰਕਾਸ" ਵਿੱਚ ਲਿੱਖਦੇ ਹਨ:-[6]

**ਤਬ ਸਤਿਗੁਰ ਪਰਮ ਚਤਰ ਪ੍ਰਬੀਨਾ।**
**ਮੋਹਨ ਕੀ ਉਸਤਤ ਛੰਦ ਇਕ ਕੀਨਾ।**
**ਸਤਾ ਰਬਾਬੀ ਲੀਨਾ ਸਾਥ।**
**ਅਉਰ ਗੁਰਮੁਖ ਸਿਖ ਸੰਗ ਜੋੜੇ ਹਾਥ।**

ਬਾਬਾ ਮੋਹਨ ਜੀ ਦੀ ਉਸਤਤ ਵਿਚ ਹੇਠ ਲਿਖਿਆ ਛੰਤ ਦੀ ਉਚਾਰਨਾ ਕੀਤੀ:-

**ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥**
**ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲ॥**
**(ਗਉੜੀ ਮਹਲਾ ੫, ਪੰਨਾ ੨੪੮)**

ਬਾਬਾ ਮੋਹਨ ਜੀ ਵਾਲੀਆਂ ਪੋਥੀਆਂ ਦੀ ਪ੍ਰਾਪਤੀ ਤੋਂ ਬਾਅਦ ਕੁੱਝ ਭਗਤ ਅਤੇ ਮਹਾਂਪੁਰਸ਼ ਗੁਰੂ ਜੀ ਦੇ ਦਰਬਾਰ ਵਿੱਚ ਆਪਣੀ ਬਾਣੀ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਾਉਣ ਲਈ ਇਕੱਠੇ ਹੋ ਕੇ ਆਏ। ਗੁਰੂ ਜੀ ਨੇ ਭਗਤ ਛੱਜੂ ਨੂੰ ਆਪਣੀ ਬਾਣੀ ਸੁਨਾਉਣ ਲਈ ਆਖਿਆ। ਛੱਜੂ ਨੇ ਆਖਿਆ:-[7]

**ਛੱਜੂ ਭਗਤ ਕਰੀ ਅਰਦਾਸ।**
**ਕਿਮ ਚਮਕੇ ਜੁਗਨੀ ਸੂਰਜ ਪਾਸ।**
**ਸੁਨ ਬਿਗਸ ਦਿਆਲ ਉਸਤਤ ਮੁਖ ਕੀਨ।**
**ਸੰਤ ਨਹੀ ਅਹੰਕਾਰ ਅਧੀਨ।**

ਪ੍ਰੰਤੂ "ਗੁਰ-ਬਿਲਾਸ ਪਾਤਸ਼ਾਹੀ ਛੇਵੀ" ਵਿਚ ਇਸ ਪ੍ਰਕਾਰ ਲਿਖਿਆ ਹੈ:-

**ਕਾਗਦ ਕੀ ਜੇ ਹੋਵੇ ਨਾਰੀ।**
**ਇਸ ਗੰਦਲ ਕੀ ਜਾਨ ਕਟਾਰੀ।**
**ਸ੍ਰੀ ਗੁਰ ਕਹਾ ਬੰਨ ਭਲਾ ਨਾਹੀ।**
**ਗ੍ਰਿਸਥੀ ਪੰਥ ਰਚਿਉ ਜਗ ਮਾਹੀ।**

ਫਿਰ ਗੁਰੂ ਜੀ ਨੇ ਭਗਤ ਕਾਨ੍ਹਾ ਨੂੰ ਆਖਿਆ ਕਿ ਆਪਣੀ ਬਾਣੀ ਉਚਾਰੋ, ਤਾਂ ਉਸਨੇ ਆਖਿਆ:-[8]

**ਮੈਂ ਕਾਨਾ ਕਾਨਾ ਮੇਰੀ ਡੀਠ।**
**ਕਾਨਾ ਆਗੇ ਕਾਨਾ ਪੀਠ।**
**ਜਤ ਦੇਖੋ ਤਤ ਕਾਨਾ ਭਾਈ।**
**ਮੈ ਕਾਨਾ ਕਾਨਾ ਸਭ ਆਹੀ।**
**ਸਭ ਸਤਿਗੁਰੁ ਸੁਨਿ ਮੁਖੋ ਵਖਾਨੀ।**
**ਯਹ ਲਾਇਕ ਗ੍ਰਿੰਥ ਨਹੀ ਨੰਗੀ ਬਾਨੀ।**

ਭਾਈ ਕਾਹਨ ਸਿੰਘ ਨਾਭਾ ਜੀ ਆਪਣੇ ਗ੍ਰੰਥ "ਮਹਾਨਕੋਸ਼" ਵਿਚ ਜੋ ਕਾਨ੍ਹੇ ਨੇ ਸ਼ਬਦ ਗਾਵਿਆ ਸੀ, ਉਹ ਇਸ ਪ੍ਰਕਾਰ ਲਿਖਿਆ ਹੈ:-[9]

**ਮੈਂ ਉਹੀ ਰੇ ਮੈਂ ਉਹੀ ਰੇ, ਜਾ ਕਉ ਬੇਦ ਪੁਰਾਨਾ ਗਾਵੈ।**
**ਖੋਜ ਖੋਜ ਨਾ ਕੋਈ ਰੇ, ਜਾ ਕਉ ਨਾਰਦ ਸਾਰਦ ਸੇਵੈ।**
**ਸੇਵੈ ਦੇਵਾ ਦੇਵੀ ਰੇ।**
**ਬ੍ਰਹਮਾ ਵਿਸ਼ਨ ਮਹੇਸ਼ ਅਰਾਧੇ, ਕਰਦੇ ਜਾ ਕੀ ਸੇਵਾ ਰੇ।**
**ਕਹਿ ਕਾਨ੍ਹਾ ਮਮ ਅਸ ਸਰੂਪ, ਅਪਰੰਪਰ ਅਲਖ ਅਭੇਵਾ ਰੇ।**

ਇਸ ਪ੍ਰਕਾਰ ਪੀਲੂ ਅਤੇ ਸ਼ਾਹ ਹੁਸੈਨ ਵੀ ਆਏ ਪ੍ਰੰਤੂ ਉਹਨਾਂ ਦੇ ਵਿਚਾਰਾਂ ਨਾਲ ਸਤਿਗੁਰੂ ਜੀ ਸਹਿਮਤ ਨਾ ਹੋਏ।

**ਬਾਣੀ ਦੀ ਤਰਤੀਬ ਅਤੇ ਸੰਪਾਦਨਾ:-**

ਜਦੋਂ ਪੰਚਮ ਪਾਤਸ਼ਾਹ ਜੀ ਕੋਲ ਸਾਰੇ ਸਾਧਨ ਤੇ ਸਮਗੱਰੀ ਮੌਜੂਦ ਹੋ ਗਈ ਅਤੇ ਪੂਰਬਲੇ ਗੁਰੂ ਸਾਹਿਬਾਨ ਦੀ

ਬਾਣੀ ਦੀ ਢੂੰਡ ਭਾਲ ਕਰ ਲਈ ਅਤੇ ਕੱਚੀ-ਬਾਣੀ ਦਾ ਨਿਖੇੜਾ ਹੋ ਗਿਆ ਤਾਂ ਗੁਰੂ ਜੀ ਨੇ ਵਰਤਮਾਨ ਗੁਰਦੁਆਰਾ ਰਾਮਸਰ ਵਾਲੀ ਜਗ੍ਹਾ ਨੂੰ ਸੰਪਾਦਨ ਕਾਰਜ ਕਰਨ ਲਈ ਯੋਗ ਸਮਝਿਆ। ਉਸ ਸਮੇਂ ਉੱਥੇ ਨਿਰਮਲ ਜਲ ਦੀ ਢਾਬ ਮੌਜੂਦ ਸੀ। ਜਿਸਦੇ ਕਿਨਾਰੇ ਸੁੰਦਰ ਪਿੱਪਲ, ਜੰਡ ਅਤੇ ਬੇਰੀਆਂ ਦੇ ਦਰਖਤ ਮੌਜੂਦ ਸੀ। ਜਿਨ੍ਹਾਂ ਦੀ ਸੰਘਣੀ ਛਾਂ ਅਤੇ ਆਬਾਦੀ ਤੋਂ ਦੂਰ ਅਤੇ ਸੰਗਤਾਂ ਦੀ ਆਵਾਜਾਈ ਤੋਂ ਦੂਰ ਸੁਭਾਇਮਾਨ ਸੀ। ਗੁਰੂ ਜੀ ਨੂੰ ਇਹੋ ਸਥਾਨ ਹਰ ਪੱਖ ਤੋਂ ਚੰਗਾ ਲੱਗਾ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:-[10]

**ਕਬਿੱਤ**

**ਬਦਰੀ ਅਨੇਕ ਖਰੀ ਹਰੀ ਹਰੀ ਸ਼ੋਭ ਖਰੀ,**
**ਘਾਮ ਕੀ ਤਪਤ ਹਰੀ, ਹੇਰੀ ਏਕ ਢਾਲ ਕੀ। ।**
**ਜੰਡ ਹੈਂ ਅਖੰਡ ਗਾਨ, ਠਾਂਢੀ ਹੈ ਕਰੀਰ ਭੀਰ,**
**ਦਲਦਲ ਚਲਾਚਲ ਦਲ ਕਲ ਜਾਲ ਕੀ।**
**ਸੁੰਦਰ ਸੁਖਦ ਛਾਇ ਮੁਦਤ ਕਰਤਿ ਮਨ,**
**ਚਾਰੋਂ ਓਰ ਦਿਖੈ ਹਰਿਆਈ ਥੋਰੇ ਕਾਲ ਕੀ।**
**ਧਰਾਜਲ ਨਾਲ ਕੀ, ਬਿਟਪ ਜੁਤ ਡਾਲ ਕੀ,**
**ਪਮਿੰਦ ਮੈ ਕ੍ਰਿਪਾਲ ਕੀ ਪ੍ਰਮੁਦਤ ਬਿਸਾਲ ਕੀ॥੪੫॥**

**ਸਵੈਯਾ**

**ਸ੍ਰੀ ਗੁਰ ਦੇਖਿ ਕਹਯੋ ਗੁਰਦਾਸ ਕੋ,**
**'ਪੰਚਬਟੀ' ਮਮ ਥਾਨ ਨਿਹਾਰਾ।**
**ਬੀਚ ਧਰਾ ਇਕ ਸਾਰ ਜਰਾ,**
**ਤਹਿ ਬੈਰਨਿ ਚਾਹਤਿ ਵਿੱਤ ਹਮਾਰਾ।**
**ਤੰਬੂ ਕਨਾਤ ਇਹਾਂ ਲਗਾਵਹੁ ਭਾਖ,**
**ਮੰਗਾਵਹੁ ਦਾਸ ਹਕਾਰਾ।**
**ਹੈ ਸੁਖਵੰਤ ਇਕੰਤ ਮਹਾਂ,**
**ਚਹੂੰ ਓਰ ਖਰੇ ਤਰੁ ਚਾਰੁ ਹਜ਼ਾਰਾ॥੪੬॥**

ਗੁਰੂ ਜੀ ਨੇ, ਭਾਈ ਸੰਤੋਖ ਸਿੰਘ ਜੀ ਦੀ ਲਿਖਤ ਅਨੁਸਾਰ, ਉਸ ਸਥਾਨ ਨੂੰ ਪੰਚਬਟੀ ਦੇ ਸਮਾਨ ਕਿਹਾ ਸੀ ਅਤੇ ਉਸ ਜਗ੍ਹਾ ਭਾਈ ਗੁਰਦਾਸ ਜੀ ਨੂੰ ਤੰਬੂ ਕਨਾਤਾਂ ਲਗਾਉਣ 'ਤੇ ਹੋਰ ਪ੍ਰਬੰਧ ਕਰਨ ਦਾ ਹੁਕਮ ਕੀਤਾ। ਭਾਈ ਗੁਰਦਾਸ ਜੀ ਨੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਅਤੇ ਕਾਗਜ਼ ਤੇ ਸਿਆਹੀ ਦੇ ਪ੍ਰਬੰਧ ਕਰ ਲਏ। ਬਾਬਾ ਬੁੱਢਾ ਜੀ ਦੀ ਇਹ ਡਿਊਟੀ ਲਗਾਈ ਗਈ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਕੋਈ ਸਿੱਖ ਦਰਸ਼ਨਾਂ ਲਈ ਇਧਰ ਨਾ ਆਵੇ, ਭਾਵ ਸੰਗਤ ਸ੍ਰੀ ਹਰਿਮੰਦਰ ਸਾਹਿਬ ਹੀ ਰਹੇ:-[11]

**ਹੋਨ ਇਕਾਕੀ ਹਮ ਅਬ ਚਾਹਤਿ।**
**ਹਿਤ ਦਰਸਨ ਸਭਿ ਸਿੱਖਜ ਉਮਾਹਤਿ।**
**ਯਾਂਤੇ ਸਾਹਿਬ ਬੁੱਢਾ ਜਾਵਉ।**
**ਸਭਿ ਸੰਗਤਿ ਕੋ ਤਹਾਂ ਟਿਕਾਵਉ॥੪੭॥**

ਗਿਆਨੀ ਬਲਵੰਤ ਸਿੰਘ ਕੋਠਾ ਗੁਰੂ[12] ਅਨੁਸਾਰ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਸੰਮਤ 1660 ਬਿਕਰਮੀ(1603 ਈਸਵੀ) ਨੂੰ ਸ਼ੁਰੂ ਹੋਇਆ ਸੀ ਪਰੰਤੂ ਕਿਸੇ ਵੀ ਮੁੱਢਲੇ ਇਤਿਹਾਸਕ ਸਰੋਤ ਸੰਪਾਦਨਾ ਕਰਨ ਦੇ ਸਾਲ ਬਾਰੇ ਕਿਤੇ ਵੀ ਜਾਣਕਾਰੀ ਨਹੀਂ ਦੇਂਦੇ। ਫਿਰ ਸਾਰਾ ਕਾਰਜ ਲਗਭਗ ਇੱਕ ਸਾਲ ਚੱਲਦਾ ਰਿਹਾ। 1604 ਈਸਵੀ ਵਿੱਚ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਗਈ। ਉਸਦੀ ਸਮਾਪਤੀ ਦੀ ਤਾਰੀਖ਼ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਪ੍ਰਕਾਰ ਅੰਕਿਤ ਹੈ:-[13]

**ਗੁਰਦਾਸ ਬੀੜ ਪਰ ਦਸਤਖਤ ਕਰੇ।**
**ਸੰਗਤ ਲਿਖਯੋ ਆਦਿਕ ਸੁਖ ਭਰੇ।**
**ਸੰਮਤ ਸੋਲਾਂ ਸੈ ਸੁਖ ਕਾਰੀ।**
**ਇਕ ਸਠ ਤਾਂ ਕੈ ਉਪਰਿਧਾਰੀ।**
**ਭਾਦੋਂ ਸੁਦੀ ਏਕਮ ਸੁਖਦਾਈ।**
**ਸ੍ਰੀ ਗ੍ਰਿੰਥ ਭਯੋ ਪੂਰ ਸਹਾਈ।**
**ਤਤਕਰੇ ਮੇ ਸੰਮਤ ਲਿਖਿ ਧਾਰਾ।**

ਭਾਈ ਗੁਰਦਾਸ ਦੁਆਰਾ ਲਿਖਤ ਉਹ ਬੀੜ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿੱਚ ਸੁਰੱਖਿਅਤ ਹੈ। ਇਹੋ ਸੰਮਤ ਉਸ ਵਿਚ ਇਸ ਤਰ੍ਹਾਂ ਅੰਕਿਤ ਹੈ:-

**ਸੰਮਤ 1661 ਮਿਤੀ ਭਾਦੋਂ ਵਦੀ ਏਕਮ।** ਪੋਥੀ ਲਿਖਿ ਪਹੁੰਚੇ ਜੋ ਕਿ 21 ਜੁਲਾਈ 1604 ਈਸਵੀ ਬਣਦੀ ਹੈ।[14]

**ਭਾਈ ਬੰਨੋ ਵਾਲੀ ਬੀੜ:-**

ਜਦੋਂ 1604 ਈ: ਵਿੱਚ ਸ੍ਰੀ ਆਦਿ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਹੋ ਗਈ ਤਾਂ ਭਾਈ ਬੰਨੋ ਨਾਮਕ ਸਿੱਖ ਉੱਥੇ ਗੁਰੂ ਜੀ ਦਾ ਦਰਸ਼ਨ ਕਰਨ ਆਇਆ ਹੋਇਆ ਸੀ। ਗੁਰੂ ਜੀ ਨੇ ਉਹ ਆਦਿ ਗਰੰਥ ਸਾਹਿਬ ਵਾਲੀ ਬੀੜ ਦੀ ਜਿਲਦ ਬੰਦੀ ਕਰਨ ਲਈ ਲਾਹੌਰ ਭੇਜਿਆ। ਰਸਤੇ ਵਿਚ ਆਉਂਦੇ-ਜਾਂਦੇ ਉਸਨੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਇਕ ਹੋਰ ਬੀੜ ਤਿਆਰ ਕਰ ਲਈ ਸੀ। ਜਿਸਨੂੰ ਸਿੱਖ ਜਗਤ ਵਿਚ ਭਾਈ ਬੰਨੋ ਵਾਲੀ ਬੀੜ ਜਾਂ ਫਿਰ ਖਾਰੀ ਬੀੜ ਨਾਲ ਯਾਦ ਕੀਤਾ ਜਾਂਦਾ ਹੈ, ਜੋ ਅੱਜ ਕੱਲ੍ਹ ਭਾਈ ਬੰਨੋ ਜੀ ਦੀ ਉਲਾਦ ਕੋਲ ਜਵਾਹਰ ਨਗਰ, ਕਾਨ੍ਹਪੁਰ (ਯੂ. ਪੀ.) ਵਿਚ ਮੌਜੂਦ ਹੈ। ਗਿਆਨੀ ਗਿਆਨ ਸਿੰਘ ਗ੍ਰੰਥ "ਤਵਾਰੀਖ ਗੁਰੂ ਖਾਲਸਾ" (1891 ਈਸਵੀ) ਵਿੱਚ ਇਸ ਪ੍ਰਕਾਰ ਲਿਖਦੇ ਹਨ:-[15]

"......ਇਸੇ ਤਰ੍ਹਾਂ ਸੰ: 1660 ਬਿ: (1603 ਈ) ਤੋਂ ਆਰੰਭ ਕਰਕੇ 1661 ਬਿ: (1604 ਈ:) ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੱਧੀ ਗਈ ਸੀ। ਜਿਲਦ ਬੰਧਾਉਣ ਵਾਸਤੇ ਭਾਈ ਬੰਨੋ ਨਾਮ ਭਾਟੀਏ ਸਿੱਖ ਨੂੰ ਲਾਹੌਰ ਭੇਜਯਾ। ਉਸ ਨੇ ਦੂਸਰਾ ਉਤਾਰਾ ਕਰਕੇ ਓਸ ਵਿਚ ਰਤਨ ਮਾਲਾ ਆਦਿਕ ਹੋਰ ਬਾਣੀ ਗੁਰੂ ਨਾਨਕ ਸਾਹਿਬ ਜੀ ਦੀ ਲਿਖਾ ਦਿੱਤੀ ਜਿਸ ਕਰਕੇ ਗੁਰੂ ਸਾਹਿਬ ਨੇ ਉਸ ਨੂੰ ਖਾਰੀ ਬੀੜ ਬਚਨ ਕੀਤਾ ਓਹ ਗ੍ਰੰਥ ਸਾਹਿਬ ਹੁਣ ਸ਼ਾਹਪੁਰ ਦੇ ਜ਼ਿਲੇ ਮਾਂਗਟ ਪਿੰਡ ਭਾਈ ਬੰਨੋ ਦੀ ਸੰਤਾਨ ਪਾਸ ਹੈ ਤੇ ਭਾਈ ਗੁਰਦਾਸ ਜੀ ਦਾ ਲਿਖਯਾ ਹੋਇਆ ਆਦਿ ਗਰੰਥ ਸਾਹਿਬ

ਕਰਤਾਰ ਪੁਰ ਸੋਢੀ ਪਾਸ ਹੈ.........।"

**ਦਮਦਮਾ ਸਾਹਿਬ ਵਾਲੀ ਬੀੜ:-**

ਇਸ ਬੀੜ ਬਾਰੇ ਭਾਈ ਕਾਹਨ ਸਿੰਘ ਨਾਭਾ ਗ੍ਰੰਥ "ਗੁਰਸ਼ਬਦ ਰਤਨਾਕਰ ਮਹਾਨਕੋਸ਼" [16] ਵਿੱਚ ਇਸ ਪ੍ਰਕਾਰ ਲਿਖਦੇ ਹਨ:-

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਵਾਮੀ ਨੇ ਦਮਦਮੇ ਦੇ ਮਕਾਮ ਸੰਮਤ 1762-63 ਵਿੱਚ ਜੋ ਆਤਮਿਕ ਸ਼ਕਤੀ ਨਾਲ ਕੰਠ ਤੋਂ ਬਾਣੀ ਉਚਾਰਣ ਕਰਕੇ ਗੁਰੂ ਗ੍ਰੰਥ ਸਾਹਿਬ ਲਿਖਵਾਇਆ, ਉਸ ਦਾ ਨਾਉਂ ਦਸਵੇਂ ਪਾਤਸ਼ਾਹ ਦਾ ਗ੍ਰੰਥ ਸਾਹਿਬ ਹੋਇਆ ਪਰ ਪ੍ਰਸਿੱਧ ਨਾਉਂ 'ਦਮਦਮੇ ਵਾਲੀ ਬੀੜ' ਹੈ। ਇਸ ਵਿੱਚ ਜੈਜਾਵੰਤੀ ਸੰਮਤ 31 ਰਾਗ ਹਨ, ਅਰ ਸ਼ਬਦ, ਸ਼ਲੋਕ, ਪੌੜੀ ਆਦਿ ਦੀ ਜਪੁ ਤੋਂ ਲੈ ਕੇ ਮੁੰਦਾਵਾਣੀ ਤੀਕ ਗਿਣਤੀ 5867 ਹੈ।"

**ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਦਾ ਬਾਣੀ ਬਿਉਰਾ:-**

ਸ੍ਰੀ ਆਦਿ ਗ੍ਰੰਥ ਸਾਹਿਬ ਜਿਸ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ, ਉਹ 30 ਰਾਗਾਂ ਵਿੱਚ ਬਾਣੀ ਅੰਕਿਤ ਹੈ। ਪ੍ਰੰਤੂ ਜੋ ਦਮਦਮਾ ਸਾਹਿਬ ਵਾਲੀ ਬੀੜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਪਾਦਿਤ ਕੀਤੀ ਸੀ, ਉਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਸ਼ਾਮਿਲ ਕਰ ਦਿੱਤੀ ਅਤੇ ਇੱਕ ਹੋਰ ਨਾਮ ਜੈਜਾਵੰਤੀ ਵੀ ਸ਼ਾਮਿਲ ਕਰਾ ਦਿੱਤਾ ਸੀ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਗਿਣਤੀ 31 ਹੋ ਗਈ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਸ੍ਰੀ ਰਾਗੁ, ਰਾਗ ਮਾਝ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵ ਗੰਧਾਰੀ, ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਠਿ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲ, ਰਾਗ ਗੋਂਡ, ਰਾਗ ਰਾਮਕਲੀ, ਰਾਗ ਨਟ ਨਾਰਾਇਨ, ਰਾਗ ਮਾਲੀਗਉੜਾ, ਰਾਗ ਮਾਰੂ, ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤ, ਰਾਗ ਸਾਰੰਗ, ਰਾਗ ਮਲਾਰ, ਰਾਗ ਕਾਨੜਾ, ਰਾਗ ਕਲਿਆਨ, ਰਾਗ ਪ੍ਰਭਾਤੀ, ਅਤੇ ਰਾਗ ਜੈਜਾਵੰਤੀ।

ਡਾਕਟਰ ਤਾਰਨ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ:- [17]

| **ਲੜੀ** | **ਨਾਮ** | **ਕੁਲ ਸ਼ਬਦ ਨੰ:** |
|---|---|---|
| 1 | ਗੁਰੂ ਨਾਨਕ | 974 |
| 2 | ਗੁਰੂ ਅਗੰਦ | 62 |
| 3 | ਗੁਰੂ ਅਮਰਦਾਸ | 907 |
| 4 | ਗੁਰੂ ਰਾਮਦਾਸ | 679 |
| 5 | ਗੁਰੂ ਅਰਜਨ | 2218 |
| 6 | ਗੁਰੂ ਤੇਗ ਬਹਾਦਰ | 115 |
| 7 | ਕਬੀਰ | 541 |
| 8 | ਫਰੀਦ | 116 |
| 9 | ਨਾਮਦੇਵ | 61 |
| 10 | ਰਵਿਦਾਸ | 40 |
| 11 | ਤ੍ਰਿਲੋਚਨ | 4 |
| 12 | ਬੇਣੀ | 3 |
| 13 | ਧੰਨਾ | 3 |
| 14 | ਜੈ ਦੇਵ | 2 |
| 15 | ਭੀਖਨ | 2 |
| 16 | ਸੈਣ | 1 |
| 17 | ਪੀਪਾ | 1 |
| 18 | ਸਧਨਾ | 1 |
| 19 | ਰਾਮ ਨੰਦ | 1 |
| 20 | ਪਰਮਾ ਨੰਦ | 1 |
| 21 | ਸੂਰ ਦਾਸ | 1 |
| 22 | ਸੁੰਦਰ | 6 |
| 23 | ਮਰਦਾਨਾ | 3 |
| 24 | ਸੱਤਾ | 3 |
| 25 | ਰਾਇ ਬਲਵੰਡ | 5 |
| 26 | ਕਲ ਸਹਾਰ | 54 |
| 27 | ਜਾਲਪ | 5 |
| 28 | ਕੀਰਤ | 8 |
| 29 | ਸੱਲ੍ਹ | 3 |
| 30 | ਭੈਲ੍ਹ | 1 |
| 31 | ਨਲ੍ਹ | 16 |
| 32 | ਭਿੱਖਾ | 2 |
| 33 | ਗਯੰਦ | 13 |
| 34 | ਬੱਲ੍ਹ | 5 |
| 35 | ਹਰਿਬੰਸ | 2 |
| 36 | ਮਥਰਾ | 12 |

**ਕੁਲ ਜੋੜ:- 5871**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇਂਦੀ ਹੈ। ਇਹ ਅਕਾਲ ਪੁਰਖ ਨੂੰ ਮੰਨਣ ਅਤੇ ਦੇਵਤਾਵਾਂ ਦਾ ਖੰਡਨ ਕਰਦੀ ਹੈ ਇਹ ਬਾਣੀ ਸਮੁੱਚੀ ਮਾਨਵਤਾ ਲਈ ਗੁਰਬਾਣੀ ਹੈ ਜੋ ਸੀਮਾ ਸਮਾਂ ਤੋਂ ਰਹਿਤ ਹੈ ਅਤੇ ਜਦੋਂ ਤੱਕ ਇਹ ਸੰਸਾਰ ਦੀ ਹੋਂਦ ਕਾਇਮ ਹੈ, ਇਹ ਬਾਣੀ ਮਾਰਗ ਦਰਸ਼ਨ ਕਰਦੀ ਰਹੇਗੀ, ਗੁਰਮਤਿ ਦੇ ਮਾਰਗ ਤੇ ਚੱਲਣ ਵਾਲਿਆਂ ਲਈ ਰਾਹ ਦਸੇਰਾ ਬਣੀ ਰਹੇਗੀ। ਮੈਂ ਐਸੀ ਗੁਰਬਾਣੀ ਨੂੰ ਨਮਸ਼ਕਾਰ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਸਮੁੱਚੇ ਜਗਤ ਲਈ ਇਹ ਸਦਾ ਕਲਿਆਣ ਕਾਰੀ ਰਹੇ ਗੁਰਸਿੱਖ ਇਸ ਅੱਗੇ ਸਿਰ ਝੁਕਾ ਕੇ ਮਾਰਗ ਦਰਸ਼ਨ ਕਰਨ ਦੀਆਂ ਅਰਜ਼ੋਈਆਂ ਕਰਦੇ ਰਹਿਣ।

**ਫੁੱਟ ਨੋਟ ਅਤੇ ਟਿੱਪਣੀਆਂ**

1 ਸ੍ਰੀ ਗੁਰੁ ਗ੍ਰੰਥ ਸਾਹਿਬ, ਸੋਰਠਿ ਮਹਲਾ 5 ਪੰਨਾ 628

2 ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਭਾਤੀ ਮਹਲਾ 5 ਪੰਨਾ 1340
3 ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮਹਲਾ 1, ਪੰਨਾ 722
4 ਪ੍ਰੋ: ਪਿਆਰਾ ਸਿੰਘ ਪਦਮ(ਸੰਪਾਦਕ): ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆ ਕਾ ਰਚਿਤ ਭਾਈ ਕੇਸਰ ਸਿੰਘ ਛਿਬਰ, ਪੰਜਵਾਂ ਚਰਨ
5 ਸਮਸ਼ੇਰ ਸਿੰਘ ਅਸ਼ੋਕ (ਸੰਪਾਦਕ): ਪੁਰਾਤਨ ਜਨਮ ਸਾਖੀ, ਪੰਨਾ 195
6 ਸਰੂਪ ਦਾਸ ਭੱਲਾ: ਮਹਿਮਾ ਪਰਕਾਸ਼-ਸੰਪਾਦਕ ਡਾ. ਗੋਬਿੰਦ ਸਿੰਘ ਲਾਂਬਾ ਪੰਨਾ 369
7 ਸਰੂਪ ਦਾਸ ਭੱਲਾ: ਓਹੀ, ਪੰਨਾ 376
8 ਸਰੂਪ ਦਾਸ ਭੱਲਾ: ਓਹੀ, ਪੰਨਾ 379
9 ਭਾਈ ਕਾਹਨ ਸਿੰਘ ਨਾਭਾ: ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਪੰਨਾ 238
10 ਮਹਾਂਕਾਵਿ ਸੰਤੋਖ ਸਿੰਘ: ਗੁਰ ਪ੍ਰਤਾਪ ਸੂਰਜ ਗ੍ਰੰਥ, ਤੀਜੀ ਰਾਸ, ਸਫਾ 202 ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
11 ਮਹਾਂ ਕਾਵਿ ਸੰਤੋਖ ਸਿੰਘ: ਗੁਰ ਪ੍ਰਤਾਪ ਸੂਰਜ ਗ੍ਰੰਥ, ਤੀਜੀ ਰਾਸ, ਪੰਨਾ 216
12 ਗਿਆਨੀ ਬਲਵੰਤ ਸਿੰਘ ਕੋਠਾ ਗੁਰੂ: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (ਲੇਖ) ਨਾਨਕ ਪ੍ਰਕਾਸ਼ ਪਤ੍ਰਿਕਾ (ਛਿਮਾਹੀ ਰਸਾਲਾ) ਦਾ ਗੁਰੂ ਮਾਨਿਓਂ ਗ੍ਰੰਥ ਅੰਕ ਸਫਾ 20, ਜੂਨ 2008
13 ਗੁਰ ਬਿਲਾਸ ਪਾਤਸ਼ਾਹੀ ਛੇਵੀਂ ਪੰਨਾ 684
14 ਪ੍ਰੋ: ਅਨੁਰਾਗ ਸਿੰਘ: ਗੁਰੂ ਮਾਨਿਓ ਗ੍ਰੰਥ ਦਾ ਇਤਿਹਾਸ ਤੇ ਸਿਧਾਂਤਕ ਪੱਖ (ਲੇਖ) ਗੁਰਦੁਆਰਾ ਗਜ਼ਟ (ਮਾਸਿਕਾ) ਪੰਨਾ 72, ਸਤਬੰਰ 2011
15 ਗਿਆਨੀ ਗਿਆਨ ਸਿੰਘ: ਤਵਾਰਿਖ ਗੁਰੂ ਖਾਲਸਾ (ਭਾਗ ਪਹਿਲਾ -ਪੱਥਰ ਛਾਪ), ਪੰਨਾ 206, ਸਿਆਲਕੋਟ- 1891 ਈਸਵੀ
16 ਭਾਈ ਕਾਹਨ ਸਿੰਗ ਨਾਭਾ: ਓਹੀ ਪੰਨਾ 437
17 ਡਾ: ਤਾਰਨ ਸਿੰਘ : ਸ੍ਰੀ ਗੁਰੂ ਗ੍ਰੰਥ ਰਤਨਾਵਲੀ, ਪੰਨਾ 10-18

**(ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ 14 ਭਾਦਰੋ- 30 ਅਗਸਤ ਨੂੰ ਹੋਇਆ ਸੀ)**

**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**ਪਿੰਡ- ਜੀਆ ਨੱਥਾ ਡਾਕਖਾਨਾ - ਖੁੱਡਾ, 144305**
**ਜ਼ਿਲਾ ਹੁਸ਼ਿਆਰਪੁਰ (ਪੰਜਾਬ)**
**ਮੋਬਾਇਲ :- 94177-69103**

**......ਬਾਕੀ ਸਫ਼ਾ 5 ਦੀ** **(ਕੱਲਰ ਵਿੱਚ ਕੰਵਲ)**

ਆਪ ਨੇ ਭਾਰਤ-ਪਾਕਿ ਬਸ ਸੇਵਾ ਆਰੰਭ ਕਰਨ ਦੀ ਵੀ ਪਹਿਲ ਕੀਤੀ ਪਰ ਕੱਟੜਵਾਦੀਆਂ ਨੇ ਨਜ਼ਾਇਜ਼ ਫਾਇਦਾ ਉਠਾਉਂਦਿਆਂ, ਕਾਰਗਿਲ ਖੇਤਰ ਵਿਚ ਘੁਸਪੈਠ ਕੀਤੀ। ਵਾਜਪਾਈ ਜੀ ਦੀ ਰਹਿਨੁਮਾਈ ਹੇਠ ਘੁਸਪੈਠੀਆਂ ਨੂੰ ਭਾਰਤੀ ਫੌਜ ਨੇ ਮੂੰਹ ਤੋੜ ਜਵਾਬ ਦਿੱਤਾ।

ਸ੍ਰੀ ਅਟੱਲ ਬਿਹਾਰੀ ਵਾਜਪਈ ਜੀ ਸਹਿਜ, ਸੁਹਜ ਅਤੇ ਸੰਜਮ ਦੇ ਧਾਰਣੀ ਵੀ ਸਨ। ਦੇਸ਼ ਭਗਤੀ, ਨੇਕੀ, ਸਮਰਪਣ ਅਤੇ ਸਾਂਝੀਵਾਲਤਾ ਦੇ ਅਲੰਬਰਦਾਰ ਸਨ। ਉਹ ਜਿੰਨੇਂ ਮਹਾਨ ਸਨ ਉਨੇ ਹੀ ਨਿਰਮਾਣ ਸਨ। ਉਨ੍ਹਾਂ ਦਾ ਸਮੁੱਚਾ ਜੀਵਨ ਹੀ ਰਾਸ਼ਟਰ ਸੇਵਾ ਨੂੰ ਸਮਰਪਿਤ ਸੀ। ਸਾਡੇ ਭਾਰਤ ਵਰਸ਼ ਦੇ ਮਹਾਨ ਵਿਅਕਤੀਆਂ ਵਿਚ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਦਾ ਨਾਮ ਹਮੇਸ਼ਾਂ ਰੌਸ਼ਨ ਰਹੇਗਾ।

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

**ਨਵੇਂ ਰੂਪ ਵਿੱਚ ਛਪ ਰਹੇ 'ਸਤਿਜੁਗ' ਦੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਪਾਠਕ ਜ਼ਰੂਰ ਭੇਜਣ।**

# ਕਾਵਿ-ਕਿਆਰੀ

## ਰਾਧਾ ਸੰਦੇਸ਼

ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ,
ਕਾਹਨੂੰ ਚਿਣਗ ਚੁਆਤੀਆਂ ਲਾਈਆਂ ਨੀਂ ?
ਮਸਾਂ ਮਸਾਂ ਸਨ ਆਠਰਨ ਘਾਉ ਲੱਗੇ,
ਨਵੀਆਂ ਨਸ਼ਤਰਾਂ ਆਣ ਚਲਾਈਆਂ ਨੀਂ।
ਅਸੀਂ ਕਾਲਜਾ ਘੁੱਟ ਕੇ ਬਹਿ ਗਏ ਸਾਂ,
ਮੁੜਕੇ ਸੁੱਤੀਆਂ ਕਲਾ ਜਗਾਈਆਂ ਨੀਂ !
ਤੇਰੇ ਗਯਾਨ ਦੀ ਪੁੜੀ ਨਹੀਂ ਕਾਟ ਕਰਦੀ,
ਏਨ੍ਹਾਂ ਪੀੜ੍ਹਾਂ ਦੀਆਂ ਹੋਰ ਦਵਾਈਆਂ ਨੀਂ!
ਆਪ ਆਉਣ ਦੀ ਨਹੀਂ ਜੇ ਨੀਤ ਉਸ ਦੀ,
ਕਾਹਨੂੰ ਗੋਗਲੂ ਤੋਂ ਮਿੱਟੀ ਝਾੜਦਾ ਹੈ ? .
ਜੇਕਰ ਅੱਗ ਨੂੰ ਨਹੀਂ ਬੁਝਾਉਣ ਜੋਗਾ,

ਪਾ ਪਾ ਤੇਲ ਕਿਉਂ ਸੜਿਆ ਨੂੰ ਸਾੜਦਾ ਹੈ ?
ਉਸ ਨੂੰ ਆਖ, ਅੱਖੀਂ ਆ ਕੇ ਦੇਖ ਜਾਏ,
ਸਾਨੂੰ ਕੂੰਜ ਦੇ ਵਾਂਗ ਕੁਰਲਾਂਦਿਆਂ ਨੂੰ।
ਵਾਟਾਂ ਵੇਂਹਦਿਆਂ, ਔਸੀਆਂ ਪਾਂਦਿਆਂ ਨੂੰ,
ਤਾਰੇ ਗਿਣ ਗਿਣ ਕੇ ਰਾਤਾਂ ਲੰਘਾਦਿਆਂ ਨੂੰ।
ਸਾਗਾਂ ਸਹਿੰਦਿਆਂ, ਜਿੰਦ ਲੁੜਖਾਂਦਿਆਂ ਨੂੰ,
ਘੁਲ ਘੁਲ ਹਿਜ਼ਰ ਵਿਚ ਮੁਕਦਿਆਂ ਜਾਂਦਿਆਂ ਨੂੰ।
ਫੁੱਟ ਗਿਆ ਨਸੀਬਾਂ ਤੇ ਝੂਰਦਿਆਂ ਨੂੰ,
ਘਰੋਂ ਕੱਢ ਬਰਕਤ ਪੱਛੋਤਾਂਦਿਆਂ ਨੂੰ।
ਤੂੰ ਤਾਂ ਮਥਰਾ ਦੀਆਂ ਕੁੰਜੀਆਂ ਸਾਂਭ ਬੈਠੋਂ,
ਐਧਰ ਗੋਕਲ ਨੂੰ ਵੱਜ ਗਹੇ ਜੰਦਰੇ ਵੇ।
ਜਾ ਕੇ, ਘਰਾਂ ਵਲ ਮੁੜਨ ਦੀ ਜਾਚ ਭੁਲ ਗਈ,
ਨਿਕਲ ਗਿਓਂ ਕਿਹੜੇ ਵਾਰ ਚੰਦਰੇ ਵੇ।

ਗੱਲਾਂ ਨਾਲ ਕੀ ਪਿਆ ਪਰਚਾਉਂਦਾ ਏ,
ਉਸ ਦੇ ਪਿਆਰ ਨੂੰ ਅਸਾਂ ਪਰਤਾ ਲਿਆ ਹੈ,
ਮਾਰੇ ਕੁਬਜਾਂ ਦੀ ਹਿੱਕੇ ਇਹ ਗਯਾਨ ਗੋਲੀ,
ਬੂਹੇ ਵੜਦਿਆਂ ਜਿਨ੍ਹੇ ਭਰਮਾ ਲਿਆ ਹੈ।
ਊਧੋ ! ਕੋਰੜੂ ਮੋਠ ਵਿਚ ਮੋਹ ਪਾ ਕੇ,
ਅਸਾਂ ਆਪਣਾ ਆਪ ਗੁਆ ਲਿਆ ਹੈ,
ਦੁੱਖਾਂ ਪੀ ਲਿਆ, ਗਮਾਂ ਨੇ ਖਾ ਲਿਆ ਹੈ,
ਕੁੰਦਨ ਦੇਹੀ ਨੂੰ ਰੋਗ ਜਿਹਾ ਲਾ ਲਿਆ ਹੈ।
ਏਨ੍ਹਾਂ ਤਿਲਾਂ ਵਿਚ ਤੇਲ ਹੁਣ ਜਾਪਦਾ ਨਹੀਂ,
ਸਾਰਾ ਹੀਜ ਪਿਆਜ ਮੈਂ ਟੋਹ ਲਿਆ ਹੈ।
ਹੱਛਾ, ਸੁੱਖ ! ਜਿੱਥੇ ਜਾਏ ਘੁੱਗ ਵੱਸੇ,
ਸਾਡੇ ਦਿਲੋਂ ਭੀ ਕਿਸੇ ਨੇ ਖੋਹ ਲਿਆ ਹੈ ?

ਆਖੀ-ਕੱਚਿਆਂ ! ਸੱਚ ਨੂੰ ਲਾਜ ਲਾਈਓ।
ਸੁਖਨ ਪਾਲਣੋਂ ਭੀ, ਬੱਸ ! ਰਹਿ ਗਿਓਂ ਵੇ !
ਕਾਲੇ ਭੌਰ ਦੀ ਬਾਣ ਨਾ ਗਈ ਤੇਰੀ,
ਜਿੱਥੇ ਫੁੱਲ ਡਿੱਠਾ, ਓਥੇ ਬਹਿ ਗਿਓਂ ਵੇ।
ਸਾਨੂੰ ਗਯਾਨ ਦੇ ਖੂਹਾਂ ਵਿਚ ਦੇਇ ਕੇ,
ਆਪ ਮਾਲਣ ਦੇ ਰੋੜ੍ਹ ਵਿਚ ਵਹਿ ਗਿਓਂ ਵੇ !
ਡੰਗਰ ਚਾਰਦਾ ਵੜ ਗਿਓਂ ਸ਼ੀਸ਼ ਮਹਿਲੀਂ,
ਘੋਟ ਘੋਟ ਗੱਲਾਂ ਕਰਨ ਡਹਿ ਗਿਓਂ ਵੇ !
ਹਛਾ ਕੰਸ ਦੀਆਂ ਗੱਦੀਆਂ ਸਾਂਭੀਆਂ ਨੀਂ,
ਸਾਡੇ ਨਾਲ ਵੀ ਅੰਗ ਕੁਝ ਪਾਲ ਛਡਦੋਂ।
ਕੋਈ ਮਹਿਲਾਂ ਦੀਆਂ ਲੁਹਲਾਂ ਨਹੀਂ ਲਾਹ ਖੜਦਾ,
ਦੋ ਦਿਨ ਸਾਨੂੰ ਵੀ ਧੌਲਰ ਵਿਖਾਲ ਛਡਦੋਂ ॥

ਆਖੀਂ-ਪ੍ਰੇਮ ਇਹ ਪਿਛ੍ਹਾਂ ਨਹੀਂ ਮੁੜਨ ਜੋਗਾ,
ਬੇੜੇ ਸਿਦਕ ਦੇ ਠਿਲ੍ਹਦੇ ਰਹਿਣਗੇ ਵੇ।
ਏਨ੍ਹਾਂ ਨਵਾਂ ਤੋਂ ਮਾਸ ਨਹੀਂ ਵੱਖ ਹੋਣਾ,
ਜਦ ਤਕ ਚੰਦ ਸੂਰਜ ਚੜ੍ਹਨ ਲਹਿਣਗੇ ਵੇ।
ਏਸ ਇਸ਼ਕ ਦੀ ਛਿੜੇਗੀ ਵਾਰ ਮਾਹੀਆ !
ਜਿੱਥੇ ਚਾਰ ਬੰਦੇ ਰਲ ਕੇ ਬਹਿਣਗੇ ਵੇ !
ਕੁੜੀਆਂ ਕੁਬਜਾਂ ਦਾ ਕਿਸੇ ਨਹੀਂ ਨਾਉਂ ਲੈਣਾ,
'ਰਾਧਾ ਆਖ ਪਿੱਛੋਂ ਕ੍ਰਿਸ਼ਨ ਕਹਿਣਗੇ ਵੇ।
ਤ੍ਰੈ ਸੌ ਸੱਠ ਜੁੜ ਪਏਗੀ ਨਾਰ ਤੈਨੂੰ ,
ਜਮ ਜਮ ਹੋਣ ਪਏ ਦੂਣੇ ਇਕਬਾਲ ਤੇਰੇ॥
ਪਰਲੋ ਤੀਕ ਪਰ ਮੰਦਰਾਂ ਵਿਚ, ਚਾਤ੍ਰਿਕ,
ਏਸੇ ਬੰਦੀ ਨੇ ਵੱਸਣਾ ਏ ਨਾਲ ਤੇਰੇ ॥

**-ਧਨੀ ਰਾਮ ਚਾਤ੍ਰਿਕ**

# ਚੀਨੀ ਘੋੜੀ ਵਾਲਿਆ ਵੇ !

ਸਿਧੀ ਪੱਗ ਵਾਲਿਆ ਵੇ ਰਾਹੀ ਰਾਹੇ ਜਾਂਦਿਆ ਵੇ,
ਮੰਨਕੇ ਸਵਾਲ ਮੇਰਾ ਘੋੜੀ ਨੂੰ ਖਲ੍ਹਾਰ ਦੇ।
ਸਾਡਾ ਵੀ ਸੰਦੇਸਾ ਲੈਜਾ ਜਾਇਕੇ ਸੁਨਾਈਂ ਵੀਰਾ,
ਸਾਡੀ ਵੱਲੋਂ ਅਗੇ ਜਾਕੇ ਸਾਡੇ ਦਿਲਦਾਰ ਦੇ।
ਕਹੀਂ ਜਾਕੇ ਵੇਖ ਲੈ, ਆ ਹਾਲ ਅੱਖਾਂ ਸੇਵਕਾਂ ਦਾ,
ਕੂਚੇ ਕੂਚੇ ਫਿਰਨ ਵਿਚ ਮੰਦੜੇ ਹਵਾਲ ਦੇ।
ਲੋਕ ਕਰਨ ਹਾਸੀ ਵਾਸੀ ਸ੍ਰੀ ਭੈਣੀ ਸਾਹਿਬ ਦਿਆ,
ਨਿੱਤ ਦੀ ਉਦਾਸੀ ਸਾਡੀ ਆਨਕੇ ਨਿਵਾਰ ਦੇ।
ਰੁੱਸ ਗਿਉਂ ਮਾਹੀ ਸਾਡਾ ਵੇਖਿਆ ਕਸੂਰ ਕੀ ਆ,
ਦਿਨੇ ਰਾਤ ਰਾਹ ਤੇਰਾ ਖੜੇ ਹਾਂ ਨਿਹਾਰ ਦੇ।
ਪਹਿਲੋਂ ਲਾਕੇ ਪ੍ਰੀਤੀ ਰੀਤੀ ਛਡਨੇ ਦੀ ਫੇਰ ਕੀ ਏ,
ਦੇ ਦੇ ਦਲੇਰੀਆਂ ਲਜਾਕੇ ਮੰਝਧਾਰ ਦੇ।
ਤੁਸਾਂ ਭਾਵੇਂ ਦਿਲ ਤੋਂ ਭੁਲਾ ਦਿਤਾ ਅਸਾਂ ਤਾਈਂ,
ਅਸੀਂ ਮੁੱਠੇ ਪਿਆਰੇ ਇਕ ਤੇਰੀ ਗੁਫ਼ਤਾਰ ਦੇ ।
ਸਦਾ ਹੀ ਉਦਾਸ ਚਿੱਤ ਰਹਿੰਦਾ ਮਾਹੀ ਤੁਸਾਂ ਬਾਝ,
ਕੁਲ ਕੰਮ ਕਾਰ ਛੱਡ ਦਿੱਤੇ ਘਰ ਬਾਰ ਦੇ ।
ਹਾਲ ਤੋਂ ਬਿਹਾਲ ਹੋਕੇ ਸੱਜਣਾ ਚਕੋਰ ਵਤ,
ਕਈ ਵਿੰਨ੍ਹੇ ਪਏ ਤੇਰੇ ਨੈਣਾਂ ਦੀ ਕਟਾਰ ਦੇ।
ਤੇਰੇ ਪਿੱਛੇ ਲੱਖਾਂ ਹੀ ਉਠਾਏ ਦੁੱਖ ਤਨ ਉਤੇ,
ਪੁੱਛੇ ਜੇ ਕੋਈ ਕਹਿੰਦੇ ਅਸੀਂ ਚੀਨੀ ਅਸਵਾਰ ਦੇ।।
ਚੀਨੀ ਘੋੜੀ ਵਾਲਿਆ ਵੇ ਸੋਹਣੀ ਮਾਲਾ ਵਾਲਿਆ ਵੇ,
ਦਰਸ਼ਨ ਕਰਾਈਂ ਆਕੇ ਸਿੱਧੀ ਦਸਤਾਰ ਦੇ ।
ਹੋਇਕੇ ਦਿਆਲ 'ਪ੍ਰੇਮੀ' ਅਸਾਂ ਨੂੰ ਅਨਾਥ ਜਾਣ,
ਛਾਤੀ ਨਾਲ ਛਾਤੀ ਲਾਕੇ ਸੀਨਾ ਸਾਡਾ ਠਾਰ ਦੇ।

**-ਭਗਤ ਸਿੰਘ ਪ੍ਰੇਮੀ**


# ਜਰੂਰ ਆਵੋ

ਅੜਿਆ ਮੇਲ ਦੇ ਫੱਟ ਵਛੋੜਿਆਂ ਦਾ ,
ਜਰਾ ਦੱਸਦੇ ਸਾਡਾ ਕਸੂਰ ਕਾਹਦਾ।
ਮਿੰਨਤਾਂ ਕਰਦਿਆਂ ਥੱਕ ਗਏ ਮੂੰਹ ਸਾਡੇ ,
ਆਤਰ ਖੜ੍ਹੇ ਹਾਂ ਸਾਨੂੰ ਗਰੂਰ ਕਾਹਦਾ।
ਤੇਰੇ ਦਰਸ ਭੌਰੇ ਲਿੱਲਾਂ ਲੈਣ ਕਿੱਦਾਂ ,
ਅੱਖੀਂ ਵੇਖ ਇਸ ਵਿਚ ਫਤੂਰ ਕਾਹਦਾ।
ਬਿਰਹਾ ਰੋਗ ਫੱਟੇ ਘੱਟੇ ਵਿਚ ਲੇਟਣ ,
ਤੁਸਾਂ ਲਾਇਆ ਇਹ ਦੰਡ ਹਜ਼ੂਰ ਕਾਹਦਾ।
ਬੁਰਾ ਦੁੱਖ ਵੇਛੋੜੇ ਦਾ ਮਾਰਦਾ ਏ ,
ਸ਼ਾਂਤੀਵਾਨ ਸਤਿਗੁਰ ਰੱਬੀ ਨੂਰ ਆਵੋ।
ਨੈਣ ਤਰਸ ਦੇ ਆਪਦੇ ਦਰਸ ਤਾਈਂ,
'ਧੀਰ' ਕਰੋ ਕ੍ਰਿਪਾ ਤੇ ਜਰੂਰ ਆਵੋ ।

**-ਸੁਹੇਲ ਸਿੰਘ ਧੀਰ**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ


ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਬਚਨਾਂ ਵਿੱਚ ਸੰਤ ਧਿਆਨ ਸਿਘ ਜੀ ਦਾ ਬਚਨ ਵਰਣਨ ਵਿੱਚ ਆਇਆ। ਗਰੀਬ-ਨਿਵਾਜ਼ ਜੀ ਨੇ ਤਾਂ ਬਹੁਤ ਕੁਝ ਦੱਸਿਆ ਪਰ ਜਿੰਨਾ ਕੁ ਯਾਦ ਰਹਿ ਸਕਿਆ ਹੈ, ਉਹ ਇੱਥੇ ਲਿਖ ਰਿਹਾ ਹਾਂ:- "ਸੰਤ ਇੱਥੇ ਆਉਣ ਲਈ ਕਿਸੇ ਕਾਰਣ ਵੱਸ ਕਲਕੱਤੇ ਪਹੁੰਚ ਗਏ। ਇੱਥੇ ਇਹਨਾਂ ਨੂੰ ਬੰਕੋਕ ਤੋਂ ਆਇਆ ਇੱਕ ਘੁਮਿਆਰ ਸਿੱਖ ਟਹਿਲ ਸਿੰਘ ਸਾਹਲੇਪੁਰ ਵਾਲਾ ਮਿਲ ਪਿਆ ਜੋ ਇਨ੍ਹਾਂ ਦਾ ਚੰਗਾ ਜਾਣੂ ਸੀ। ਫਿਰ ਉਸ ਸਿੱਖ ਨਾਲ ਇਹ ਸੰਤ ਧਿਆਨ ਸਿੰਘ 1911 ਵਿੱਚ ਬੰਕੋਕ ਪਹੁੰਚ ਗਏ ਤੇ ਇੱਥੇ ਹਰ-ਜੱਸ ਕੀਰਤਨ ਦਾ ਪਰਵਾਹ ਜਾਰੀ ਸੀ। ਸੰਤਾਂ ਦੇ ਪ੍ਰਚਾਰ ਸਦਕਾ ਬਹੁਤ ਸਾਰੇ ਸਿੱਖ ਨਾਮਧਾਰੀ ਸਜ ਗਏ ਤੇ ਆਪ ਇੱਕ ਵਾਰੀ ਦੇਸ਼ ਜਾ ਕੇ ਮੁੜ ਬੰਕੋਕ ਆਏ ਤੇ ਇਨ੍ਹਾਂ ਦਾ ਅੰਤਮ ਸਮਾਂ ਬੰਕੋਕ ਵਿੱਚ ਸੰਨ 1925 ਵਿੱਚ ਆਇਆ। ਇਹਨਾਂ ਦੇ ਘਰੋਂ ਬੀਬੀ ਵੀ ਸੰਤਾਂ ਦੇ ਸਰੀਰ ਛੱਡਣ ਤੋਂ ਕੁਝ ਦਿਨ ਬਾਅਦ ਚੜ੍ਹਾਈ ਕਰ ਗਈ ਤੇ ਦੋਵਾਂ ਜੀਆਂ ਦਾ ਭੋਗ ਦੀਵਾਲੀ ਦੇ ਨੇੜੇ ਤੇੜੇ ਇਕੱਠਾ ਪਿਆ ਸੀ।

ਗਰੀਬ-ਨਿਵਾਜ਼ ਜੀ ਦੱਸਿਆ ਕਿ "ਹਰ ਇੱਕ ਚੀਜ਼ ਦਾ ਕੋਈ ਕਾਰਨ ਬਣਦਾ ਹੈ ਜਿਵੇਂ ਉਹਨਾਂ ਦਾ ਇੱਥੇ ਆਉਣਾ, ਗੁਰ-ਸਿੱਖੀ ਦਾ ਪ੍ਰਚਾਰ ਹੋਣਾ, ਸਿੱਖਾਂ ਦੇ ਘਰ ਹੋਰ ਵਧਣੇ, ਸੰਤ ਸਰੀਰ ਛੱਡ ਗਏ ਪਰ ਉਹਨਾਂ ਦੀ ਲਾਈ ਗੁਰਸਿੱਖੀ ਦੀ ਪਨੀਰੀ ਪ੍ਰਫੁੱਲਤ ਹੋਈ। ਫਿਰ ਉਹਨਾਂ ਸਿੱਖਾਂ ਵੱਲੋਂ ਦਰਸ਼ਨ ਕਰਨ ਦੀ ਮੰਗ ਉੱਠੀ ਤੇ ਸਾਡਾ ਪਹਿਲੀ ਵਾਰ ਸੰਨ 1934 ਵਿੱਚ ਬੰਕੋਕ ਆਉਣਾ, ਤੇ ਫੇਰ ਉਸ ਤੋਂ ਬਾਅਦ ਕਈ ਵੇਰ ਆਉਣਾ, ਇਹ ਸੱਭ ਦੇ ਪਿੱਛੇ ਕੋਈ ਕਾਰਣ ਹੁੰਦਾ ਹੈ। ਸੋ ਇਸੇ ਕਾਰਣ ਕਰਕੇ ਇੱਥੇ ਵੀ ਬੰਕੋਕ (ਸਿਆਮ) ਵਿਖੇ ਸਿੱਖੀ ਦੀ ਫੁਲਵਾੜੀ ਸਰ-ਸਬਜ਼ ਹੈ।" ਇਤਿਆਦਿ ਹੋਰ ਵੀ ਬਹੁਤ ਬਚਨ ਹੋਏ ਜੋ ਉਸ ਵੇਲੇ ਨਹੀਂ ਲਿਖੇ ਗਏ ਅਤੇ ਉਹ ਫਿਰ ਯਾਦ ਵਿਚ ਨਹੀਂ ਆ ਸਕੇ। ਸੋ ਇਹ ਦੌਰਾ ਲੰਪਾਙ, ਚੰਗਮਈ ਦਾ ਸੰਪੂਰਨ ਕਰਕੇ ਵਾਪਿਸ ਬੰਕੋਕ ਹਵਾਈ ਜਹਾਜ਼ ਰਾਹੀਂ ਦੁਪਹਿਰ ਤੋਂ ਬਾਅਦ ਪਹੁੰਚੇ।

ਇਸ ਦੌਰੇ ਦਾ ਹਾਲ ਪਿੱਛੇ ਕੁਝ ਲਿਖ ਆਇਆ ਹਾਂ। ਸੋ ਸ਼ਾਮ ਨੂੰ ਦੀਵਾਨ ਤੋਂ ਬਾਅਦ ਚੱਕਰਵਰਤੀ ਜੀ ਨੇ 6, 8 ਅਤੇ 10 ਜਨਵਰੀ 1951 ਨੂੰ ਨਾਮਧਾਰੀ ਇਤਿਹਾਸ ' ਤੂੰ ਰੌਸ਼ਨੀ ਪਾਉਦਿਆਂ ਭਾਸ਼ਣ ਦਿੱਤਾ।

ਉਸੇ ਵੇਲੇ ਇੱਕ ਇਤਿਹਾਸਕ ਵਾਰਤਾ ਜੋ ਮਾਤਾ ਘੁੱਲੀ ਦੇ ਸੰਬੰਧ ਵਿੱਚ ਲਿਖੀ ਤੇ ਸਤਿਗੁਰੂ ਜੀ ਨੂੰ ਡੇਰੇ ਵਿਖੇ ਸੁਣਾ ਕੇ ਆਏ ਸਨ, ਉਹ ਇੱਕ ਹੈਂਡ-ਬੈਗ ਵਿੱਚ ਪਈ ਦੀਵਾਨ ਅਸਥਾਨ 'ਤੇ ਰੱਖੀ ਗੁੰਮ ਹੋ ਗਈ ਜੋ ਬਹੁਤ ਢੂੰਡਿਆਂ ਵੀ ਫਿਰ ਨਹੀਂ ਮਿਲ ਸਕੀ। ਸਤਿਗੁਰੂ ਜੀ ਬਚਨ ਕੀਤਾ ਕਿ "ਮੈਂ ਤੈਨੂੰ ਉਹਨਾਂ ਅੱਖਰਾਂ ਰਾਹੀਂ ਲਿਖਾਉਣਾ ਹੈ, ਤੂੰ ਲਿਖ, ਪਰ ਉਸਦਾ ਉਹ ਮਨ ਫੇਰ ਨਹੀਂ ਬਣ ਸਕਿਆ ਤੇ ਇਹ ਲਿਖੀ ਵਾਰਤਾ ਇੱਕ ਯਾਦਗਾਰ ਬਣਨੀ ਸੀ, ਉਹ ਰਹਿ ਗਈ ਤੇ ਇਸ ਦੌਰੇ ਸਮੇਂ ਬਸੰਤ ਵਾਲੇ ਦਿਨ ਕਈ ਜੋੜਿਆਂ ਦੇ ਆਨੰਦ-ਕਾਰਜ ਵੀ ਹੋਏ।

11-2-1951 ਨੂੰ ਬਸੰਤ ਤੋਂ ਬਾਅਦ ਹੋਲੇ ਦਾ ਮੇਲਾ ਨੇੜੇ ਆ ਰਿਹਾ ਸੀ ਤੇ ਦੇਸ਼ ਵਿਖੇ (ਸ੍ਰੀ ਭੈਣੀ ਸਾਹਿਬ) ਇਹ ਮੇਲਾ ਸੰਤ ਫੂਲਾ ਸਿੰਘ ਜੀ ਦੇ ਪਰਿਵਾਰ ਵੱਲੋਂ ਹੋਣਾ ਸੀ। ਇਸ ਸਮੇਂ ਬੰਕੋਕ ਤੋਂ ਬਹੁਤ ਸਿੱਖ ਮੇਲੇ 'ਤੇ ਪਹੁੰਚੇ ਸਨ। ਇਹਨਾਂ ਦਿਨਾਂ ਵਿੱਚ ਸੇਠ ਨਰੈਣ ਸਿੰਘ ਦਾ ਝੁਕਾਅ ਸੰਗਤ ਤੋਂ ਕੁਝ ਦੂਰ ਰਹਿਣਾ ਸੀ ਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਵੀ ਘਟ ਗਈ ਸੀ ਪਰ ਬਸੰਤ ਦੇ ਦਿਨਾਂ ਵਿੱਚ ਇਸਦਾ ਵੱਡਾ ਲੜਕਾ ਸ੍ਰੀ ਸਤਿਗੁਰੂ ਜੀ ਦੇ ਨਾਲ ਹੀ ਰਿਹਾ ਸੀ ਪਰ ਉਸ ਤੋਂ ਬਾਅਦ ਪਤਾ ਨਹੀਂ ਕਿ ਇਸਦਾ ਆਪਣੇ ਪਿਤਾ ਨਾਲ ਕੀ ਵਾਰਤਾਲਾਪ ਹੋਇਆ? ਇਹ ਵੀ ਹੋਲੇ ਦੇ ਨੇੜੇ ਦੇਸ਼ ਗਿਆ ਹੋਇਆ ਸੀ ਤੇ ਉਸ ਵੇਲੇ ਬੰਕੋਕ ਤੋਂ ਦੇਸ਼ ਗਏ 14-15 ਸਰੀਰਾਂ ਵਿੱਚ ਮੇਰਾ ਨਾਮ ਵੀ ਸੀ। ਸੇਠ ਤਰਲੋਕ ਸਿੰਘ ਉਨ੍ਹਾਂ ਦਿਨਾਂ ਵਿੱਚ ਦੇਸ਼ ਪਹੁੰਚੇ ਹੋਏ ਸਨ ਪਰ ਉਸ ਵੇਲੇ ਇਹ ਅਤਰ ਸਿੰਘ ਦਿੱਲੀ ਕੋਲ ਗਿਆ ਹੋਇਆ ਵੀ ਓਥੇ ਸਤਿਗੁਰਾਂ ਦੇ ਦਰਸ਼ਨ ਕਰਨ ਨਹੀਂ ਸੀ ਗਿਆ। ਸਤਿਗੁਰੂ ਜੀ ਨੂੰ ਪਤਾ ਲੱਗਾ ਉਹਨਾਂ ਹੁਕਮ ਕੀਤਾ ਕਿ "ਜੇ ਉਹ ਕਿਧਰੇ ਮਿਲੇ ਤਾਂ ਉਸਨੂੰ ਮੇਰੇ ਪਾਸ ਲਿਆਉਣਾ।" ਪਰ ਉਹ ਕਿਸੇ ਵੀ ਵਾਕਿਫ਼ ਨੂੰ ਨਾ ਮਿਲ ਸਕਿਆ। ਜਦ ਸ੍ਰੀ ਸਤਿਗੁਰੂ ਜੀ ਵਿਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਗਏ ਤਾਂ ਉਸ ਵੇਲੇ ਬੰਕੋਕ ਦੇ ਕਈ ਸਰੀਰ ਉੱਥੇ ਵੀ ਪਹੁੰਚੇ ਹੋਏ ਸਨ। ਵਿਸਾਖੀ ਵਾਲੇ ਦਿਨ ਬਜ਼ਾਰ 'ਤੇ ਭੌਂਦਿਆਂ ਸਾਨੂੰ ਅਤਰ ਸਿੰਘ ਮਿਲ ਪਿਆ ਤੇ ਉਸਦੀ ਧਰਮ ਪਤਨੀ ਵੀ ਨਾਲ ਸੀ। ਨਾਮਧਾਰੀ ਧਰਮਸ਼ਾਲਾ ਵਿਖੇ ਡੇਰੇ ਆ ਕੇ ਸੇਠ ਤਰਲੋਕ ਸਿੰਘ ਜੀ ਨੂੰ ਦੱਸਿਆ ਕਿ ਅਤਰ ਸਿਘ ਨਰੂਲਾ ਵੀ ਏਥੇ ਆਇਆ ਹੋਇਆ ਹੈ ਤਾਂ ਉਹਨਾਂ ਗਰੀਬ-ਨਿਵਾਜ ਜੀ ਨੂੰ ਬੇਨਤੀ ਕਰਦਿਆਂ ਇਸਦੀ ਬਾਬਤ ਬਚਨ ਕੀਤਾ ਤਾਂ ਗਰੀਬ-ਨਿਵਾਜ਼ ਜੀ ਉਸ ਵੇਲੇ ਹੁਕਮ ਕੀਤਾ "ਉਸਨੂੰ ਲੱਭ ਕੇ ਮੇਰੇ ਪਾਸ ਲਿਆਉ" ਤਾਂ ਉਸ ਵੇਲੇ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਦਰਸ਼ਨ ਸਿੰਘ ਗੋਰੋਵਾੜਾ, ਕਿਸ਼ਨ ਸਿੰਘ ਸੇਠੀ ਅਤੇ ਇਕਬਾਲ ਸਿੰਘ ਮਨਚੰਦਾ ਤਿੰਨਾਂ ਨੇ

ਪਰਕਰਮਾ ਵਿਖੇ, ਬਜ਼ਾਰ ਮਾਈ ਸੇਵਾਂ ਤੇ ਨਾਲ ਦੇ ਹੋਰ ਦੋ ਬਜ਼ਾਰ ਤੇ ਹੋਰ ਉੱਥੋਂ ਦੇ ਹੋਟਲਾਂ ਵਿੱਚ ਜਾ ਕੇ ਉਸਨੂੰ ਬਹੁਤ ਢੂੰਡਿਆ ਪਰ ਉਹ ਸਾਨੂੰ ਮਿਲਣ ਤੋਂ ਪਹਿਲਾਂ ਹੀ ਉੱਥੋਂ ਚਲਾ ਗਿਆ ਮਾਲੂਮ ਹੁੰਦਾ ਸੀ। ਸੋ ਇਸ ਤਰ੍ਹਾਂ ਉਹ ਦੂਰ ਹੁੰਦਾ ਹੁੰਦਾ ਇੰਨਾ ਦੂਰ ਹੋ ਗਿਆ ਕਿ ਉਹ ਮੁੜ ਓਹ ਸੁੱਖ-ਸਵਾਦ ਨਾ ਲੈ ਸਕਿਆ। ਅਖ਼ੀਰ ਉਹ ਕਿਲੇ ਵਾਲੇ ਸੰਤਾਂ ਦਾ ਸੇਵਕ ਬਣ ਕੇ ਨੀਲਾ ਬਾਣਾ ਪਹਿਨਣ ਲੱਗ ਪਿਆ। ਸਤਿਗੁਰੂ ਸਿੱਖ ਨੂੰ ਬਚਾਉਣ ਲਈ ਕਿੰਨਾ ਯਤਨ ਕਰਦਾ ਹੈ, ਇਹ ਉਹ ਆਪ ਹੀ ਜਾਣਦਾ ਹੈ। ਅਤਰ ਸਿੰਘ ਨਰੂਲਾ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ ਸੰਨ 1978 ਵਿੱਚ ਸਰੀਰ ਛੱਡ ਗਿਆ।

ਸੰਨ 1951 ਵਿਚ ਸਤੰਬਰ ਦੇ ਮਹੀਨੇ ਸ੍ਰੀ ਸਤਿਗੁਰੂ ਜੀ ਨੇ ਬੰਕੋਕ ਦੀ ਸਾਧਸੰਗਤ ਨੂੰ ਫਿਰ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਇਸ ਸਮੇਂ ਬੰਕੋਕ ਵਿਖੇ ਕੀਰਤਨ ਪਰਵਾਹ ਜਾਰੀ ਸੀ। ਰੋਜ਼ਾਨਾ ਸ਼ਾਮ ਨੂੰ ਧਰਮਸ਼ਾਲਾ ਯਾਵਾਰੱਟ ਵਿਖੇ ਇੱਕ ਘੰਟਾ ਨਿੱਤਨੇਮ ਸਮੇਂ ਸਾਧ-ਸੰਗਤ ਦੀ ਹਾਜ਼ਰੀ ਕਾਫੀ ਗਿਣਤੀ ਵਿੱਚ ਹੁੰਦੀ ਤੇ ਉਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਰੀਕਾਰਡ ਕੀਤੇ ਹੋਏ ਉਪਦੇਸ਼ ਸਰਵਣ ਕਰਾਏ ਜਾਂਦੇ। ਵੀਰਵਾਰ ਰਾਤ ਨੂੰ ਕੀਰਤਨ ਵੀ ਹੁੰਦਾ ਤੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਐਤਵਾਰ ਅਤੇ ਵੀਰਵਾਰ ਨੂੰ ਅਮ੍ਰਿਤ ਵੇਲੇ ਹੁੰਦਾ ਸੀ। ਗਰੀਬ-ਨਿਵਾਜ਼ ਜੀ ਦੇ ਦਰਸ਼ਨ ਦੇਣ ਸਮੇਂ ਸ. ਜਗਤ ਸਿੰਘ ਲੰਪਾਙ ਵਾਲੇ ਵੱਲੋਂ ਬੇਨਤੀ ਕੀਤੀ ਗਈ 'ਉਸਦਾ ਸਰੀਰ ਢਿੱਲਾ ਹੈ ਤੇ ਆਪ ਲੰਪਾਙ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੋ'। ਸਤਿਗੁਰੂ ਜੀ ਨੇ ਉਸਦੀ ਅਰਜ਼ ਨੂੰ ਪ੍ਰਵਾਨ ਕਰਦਿਆਂ ਦਰਸ਼ਨ ਜਾ ਦਿੱਤੇ ਅਤੇ ਉਸਦਾ ਦੁੱਖ ਨਵਿਰਤ ਕਰਕੇ ਉਸਨੂੰ ਰਾਜ਼ੀ ਕੀਤਾ (ਨੋਟ : ਇਸਦਾ ਪੂਰਾ ਹਾਲ ਲੇਖਕ ਨੇ 'ਸਤਿਜੁਗ' ਦੇ 'ਸਿਆਮ ਅੰਕ' ਵਿੱਚ ਲਿਖਿਆ ਹੋਇਆ ਹੈ)।

ਸੰਨ 1950-1952 ਵਿੱਚ ਸਿੰਘਾਪੁਰ ਵਿਖੇ ਆਪਣੇ ਦਫ਼ਤਰ ਵਿਖੇ ਵਪਾਰ ਲਈ ਪਰਿਵਾਰ ਸਮੇਤ ਰਹਿੰਦੇ ਸਨ ਅਤੇ ਉਨ੍ਹਾਂ ਦਿਨਾਂ ਵਿੱਚ ਸੇਠ ਨਰੈਣ ਸਿੰਘ 'ਬੀਰ' ਵੀ ਵਿਹਾਰ ਲਈ ਉੱਥੇ ਰਹਿੰਦਾ ਸੀ ਤੇ ਉਸਦੀ ਸਰਪ੍ਰਸਤੀ ਹੇਠ ਇੱਕ ਪੰਜਾਬੀ ਸਪਤਾਹਿਕ ਅਖ਼ਬਾਰ ਛਪਦਾ ਸੀ, ਜਿਸਦਾ ਨਾਮ 'ਨਵਜੀਵਨੀ ਸੀ। ਉਨ੍ਹਾਂ ਦਿਨਾਂ ਵਿੱਚ ਸ. ਸੁਰਿੰਦਰ ਸਿੰਘ ਸਚਦੇਵ ਵੀ ਸਿੰਘਾਪੁਰ ਵਿਖੇ ਹੀ ਸਨ। ਗਰੀਬ-ਨਿਵਾਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੌਰਾ ਸਿੰਘਾਪੁਰ ਵਿਖੇ ਦੋ ਜਾਂ ਤਿੰਨ ਦਿਨ ਹੋਇਆ ਸੀ ਅਤੇ ਉਹਨਾਂ ਦੇ ਦਰਸ਼ਨ ਦੇਣ ਸਮੇਂ ਇੱਕ ਵਾਰੀ ਇਸ ਅਖ਼ਬਾਰ ਨੇ ਸ੍ਰੀ ਸਤਿਗੁਰੂ ਜੀ ਨੂੰ 'ਬਾਬਾ ਜੀ' ਕਰਕੇ ਲਿਖਿਆ। ਸੇਠ ਤਰਲੋਕ ਸਿੰਘ ਅਤੇ ਸੁਰਿੰਦਰ ਸਿੰਘ ਦੋਵੇਂ ਇਸ ਅਖ਼ਬਾਰ ਦਾ ਪਰਚਾ ਲੈ ਕੇ ਸੇਠ ਨਰੈਣ ਸਿੰਘ ਪਾਸ ਗਏ ਤੇ ਕਿਹਾ "ਤੁਹਾਡੇ ਐਡੀਟਰ ਸਾਹਿਬ ਨੇ ਇਹ ਲਿਖਿਆ ਹੈ (ਅਜੇ ਇਹ ਪਰਚੇ ਬਜ਼ਾਰ ਵਿੱਚ ਨਹੀਂ ਸੀ ਵੰਡੇ ਗਏ)। ਪਹਿਲਾਂ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਦੇ ਨਾਲ ਮੇਰਾ ਕੋਈ ਸੰਬੰਧ ਨਹੀਂ ਹੈ ਤਾਂ ਇਨ੍ਹਾਂ ਨੇ ਕਿਹਾ ਕਿ ਤੁਹਾਡਾ ਨਾਮ ਇਸ ਦੀ ਸਰਪ੍ਰਸਤੀ ਵਿੱਚ ਨਹੀਂ ਹੋਣਾ ਚਾਹੀਦਾ। ਫਿਰ ਵੀ ਇਹ ਮਨ ਕਰਕੇ ਔਖਾ ਹੋਇਆ ਤੇ ਹੌਲੀ-ਹੌਲੀ ਇਸ ਗੱਲ ਤੇ ਆ ਗਏ ਕਿ ਇਹ ਸਾਰੇ ਪਰਚੇ ਉਨ੍ਹਾਂ ਨੇ ਰੱਖ ਲਏ ਤੇ ਇਸ ਦੀ ਲਾਗਤ ਉਨ੍ਹਾਂ ਪ੍ਰੈਸ ਵਾਲੇ ਨੂੰ ਦੇ ਦਿੱਤੀ। ਪਰੰਤੂ ਦੂਸਰੇ ਦਿਨ ਹੀ ਉਸ ਅਖ਼ਬਾਰ ਦਾ ਐਡੀਟਰ ਆਪ ਸ੍ਰੀ ਸਤਿਗੁਰੂ ਜੀ ਦੇ ਪਾਸ ਉਹੀ ਪਰਚਾ ਲੈ ਕੇ ਪਹੁੰਚਿਆ ਤੇ ਦਿਖਾ ਕੇ ਕਹਿਣ ਲੱਗਾ ਕਿ 'ਅਸੀਂ ਬਾਬਾ ਰਾਮ ਸਿੰਘ ਜੀ ਨੂੰ ਪੱਕਾ ਦੇਸ਼-ਭਗਤ ਕਰਕੇ ਲਿਖਿਆ ਹੈ ਜਿਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਲੜਾਈ ਲੜੀ ਹੈ' ਤਾਂ ਗਰੀਬ-ਨਿਵਾਜ਼ ਨੇ ਬਚਨ ਕੀਤਾ :- "ਤੁਹਾਡੇ ਕੋਲ ਇਹ ਅਖ਼ਬਾਰ ਕਿਸ ਤਰ੍ਹਾਂ ਆ ਗਈ ਹੈ ਕਿਉਂਕਿ ਇਸਦੇ ਸਾਰੇ ਪਰਚੇ ਖਰੀਦੇ ਜਾ ਚੁੱਕੇ ਹਨ।" ਤਾਂ ਉਹ ਕਹਿਣ ਲੱਗਾ,"ਮੈਂ ਇੱਕ ਪਰਚਾ ਵਿੱਚੋਂ ਰੱਖ ਲਿਆ ਸੀ।" ਸਤਿਗੁਰੂ ਜੀ ਨੇ ਫਿਰ ਕਿਹਾ:-"ਤਾਂ ਤੂੰ ਫਿਰ ਚੋਰੀ ਕੀਤੀ ਹੈ ਜੋ ਵੇਚੇ ਪਰਚਿਆਂ ਵਿੱਚੋਂ ਇਹ ਰੱਖ ਲਿਆ ਹੈ।" ਤਾਂ ਉਹ ਬੜਾ ਸ਼ਰਮਿੰਦਾ ਹੋਇਆ। ਅਸਲ ਵਿੱਚ ਇਹ ਵੀ ਸੇਠ ਨਰੈਣ ਸਿੰਘ ਦੀ ਚਾਲ ਸੀ (ਨੋਟ :- ਇਹ ਉੱਪਰ ਲਿਖਿਆ ਬਚਨ ਸੇਠ ਤਰਲੋਕ ਸਿੰਘ ਜੀ ਚਾਵਲਾ ਪਾਸੋਂ ਸੁਣ ਕੇ ਲਿਖਿਆ ਹੈ)।

ਬੰਕੋਕ ਦੀ ਸੰਗਤ ਵਿੱਚ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਪਿਆਰ ਦਿਨੋ ਦਿਨ ਵਧ ਰਿਹਾ ਸੀ। ਸੰਨ 1952 ਦੀ ਬਸੰਤ ਦਾ ਮੇਲਾ ਸਮੂਹ ਸੰਗਤ ਵੱਲੋਂ ਕੀਤਾ ਗਿਆ ਤੇ ਸਾਲ ਦੇ ਅਖ਼ੀਰ ਨਵੰਬਰ ਦੇ ਮਹੀਨੇ ਗਰੀਬ-ਨਿਵਾਜ਼ ਜੀ ਨੇ ਫਿਰ ਦੂਜੀ ਵਾਰੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ। ਇਨ੍ਹਾਂ ਦਿਨਾਂ ਵਿੱਚ ਸ਼ਾਮ ਦੇ ਦੀਵਾਨ ਹਿੰਦੂ ਸਮਾਜ ਵਿੱਚ ਤੇ ਇੱਕ ਦਿਨ ਸਿੱਖ ਸਕੂਲ ਦੀ ਬਿਲਡਿੰਗ ਵਿੱਚ ਵੀ ਸਜਾਏ ਗਏ ਜੋ ਸ੍ਰੀ ਗੁਰੂ ਸਿੰਘ ਸਭਾ ਦੇ ਬਿਲਕੁਲ ਨੇੜੇ ਹੀ ਸੀ ਤੇ ਇਨ੍ਹਾਂ ਦੀ ਸਰਪ੍ਰਸਤੀ ਹੇਠ ਸਕੂਲ ਚੱਲ ਰਿਹਾ ਸੀ।

ਸੰਨ 1953 ਵਿੱਚ ਵੀ ਬੰਕੋਕ ਦੀ ਸੰਗਤ ਨੂੰ ਦੋ ਵਾਰੀ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲਾ ਮੇਲਾ ਬਸੰਤ ਦਾ ਸ. ਦੀਵਾਨ ਸਿੰਘ ਚੰਗਮਈ ਦੇ ਵੱਲੋਂ ਸੀ ਤੇ ਇਸ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਨਾਲ ਜੋ ਸਰੀਰ ਤੇ ਹਜ਼ੂਰੀ ਸੇਵਕ ਆਏ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:- ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਦਰਸ਼ਨ ਸਿੰਘ, ਸੰਤ ਖ਼ਜ਼ਾਨ ਸਿੰਘ, ਸੰਤ ਨਿਧਾਨ ਸਿੰਘ 'ਆਲਿਮ', ਸੰਤ ਆਲਾ ਸਿੰਘ, (ਸਤਿਗੁਰੂ) ਬਾਬਾ ਜਗਜੀਤ ਸਿੰਘ ਜੀ, ਮਾਤਾ ਚੰਦ ਕੌਰ ਜੀ। ਇਸ ਤੋਂ ਪਹਿਲਾਂ ਸੰਤ ਮੋਹਨ ਸਿੰਘ ਅਤੇ ਸੇਵਕ ਰੂਪ ਸਿੰਘ ਬੰਕੋਕ ਪਹੁੰਚ ਚੁੱਕੇ ਸਨ ਜੋ ਨਿੱਜੀ ਤੌਰ 'ਤੇ ਆਪਣੇ ਆਪ ਹੀ ਆਏ ਸਨ। ਗਰੀਬ-ਨਿਵਾਜ਼ ਜੀ ਨੇ ਬੰਕੋਕ ਵਿਖੇ 10 ਜਨਵਰੀ 1953 ਨੂੰ ਦਰਸ਼ਨ ਦਿੱਤੇ ਤੇ ਵਾਪਿਸ ਦੇਸ਼ 26 ਜਨਵਰੀ ਨੂੰ ਗਏ ਸਨ ਪਰ ਬਾਬਾ ਜੀ, ਮਾਤਾ ਜੀ ਅਤੇ ਸੰਤ ਆਲਾ ਸਿੰਘ ਜੀ ਕੁਝ ਦਿਨ ਬਾਅਦ ਗਏ ਸਨ।

**(ਚੱਲਦਾ)........**

# ਸੁੱਚੇ ਮੋਤੀ

✪ ਅਸਲੀ ਧਰਮ ਇਹ ਹੈ ਕਿ ਜਿੰਨਾਂ ਗੱਲਾਂ ਨੂੰ ਮਨੁੱਖ ਆਪਣੇ ਲਈ ਠੀਕ ਨਹੀਂ ਸਮਝਦਾ ਓਹੀ ਗੱਲਾਂ ਉਹ ਦੂਸਰਿਆਂ ਨਾਲ ਵੀ ਨਾ ਕਰੇ

**ਮਹਾਂ ਭਾਰਤ**

✪ ਹਰ ਤਰ੍ਹਾਂ ਦੇ ਲਗਾਓ ਨੂੰ ਤਿਆਗ ਕੇ, ਸਫ਼ਲਤਾ ਤੇ ਅਸਫ਼ਲਤਾ ਦੋਹਾਂ ਨੂੰ ਇਕ ਸਮਾਨ ਸਮਝਦਾ ਹੋਇਆ ਆਪਣੇ ਕੰਮ ਕਰਦਾ ਚਲਿਆ ਜਾ ਕਿਉਂਕਿ ਮਨ ਨੂੰ ਇਕ ਸਮਾਨ ਰੱਖ ਕੇ ਵਿਚਰਨਾ ਹੀ ਯੋਗ ਅਖਵਾਉਂਦਾ ਹੈ।

**ਭਗਵਤ ਗੀਤਾ**

✪ ਜਦੋ ਮਨੁੱਖ ਆਪਣੇ ਮਨ ਦੀਆਂ ਇੱਛਾਵਾਂ ਦਾ ਤਿਆਗ ਕਰ ਦਿੰਦਾ ਹੈ, ਜਦੋਂ ਉਸ ਦਾ ਸ੍ਵੈ ਆਪਣੇ ਆਪ ਵਿਚ ਸੰਤੁਸ਼ਟ ਰਹਿਣ ਲੱਗਦਾ ਹੈ ਤਾਂ ਉਹ ਮਨੁੱਖ ਸਥਿਰ ਬੁੱਧੀ ਵਾਲਾ ਅਖਵਾਉਂਦਾ ਹੈ।

**ਭਗਵਤ ਗੀਤਾ**

✪ ਜਿਸ ਮਨੁੱਖ ਨਾਲ ਈਰਖਾ ਹੋ ਜਾਵੇ, ਉਹ ਨਾ ਤਾਂ ਨੇਕ ਲੱਗਦਾ ਹੈ, ਨਾ ਵਿਦਵਾਨ ਤੇ ਨਾ ਹੀ ਸਿਆਣਾ।

**ਮਹਾਂ ਭਾਰਤ**

✪ ਇੱਛਾਵਾਂ ਤੇ ਨਫ਼ਰਤ ਵਿੱਚੋਂ ਪੈਦਾ ਹੋਈ ਦੋਚਿੱਤੀ ਕਾਰਨ ਸਾਰੇ ਹੀ ਜੀਵ ਇਸ ਸੰਸਾਰ ਦੇ ਭੰਬਲ-ਭੂਸਿਆਂ ਵਿਚ ਫਸ ਜਾਂਦੇ ਹਨ।

**ਭਗਵਤ ਗੀਤਾ**

✪ ਸਭ ਪ੍ਰਕਾਰ ਦੇ ਕੰਮ ਪ੍ਰਕ੍ਰਿਤੀ ਦੇ ਮੂਲ ਗੁਣਾਂ ਕਰਕੇ ਹੀ ਕਰੇ ਜਾ ਰਹੇ ਹਨ ਪਰ ਹਉਮੈ ਦੀ ਭਾਵਨਾ 'ਚ ਅੰਨ੍ਹਾ ਹੋਇਆ ਮਨੁੱਖ ਇਹ ਹੀ ਸਮਝਦਾ ਹੈ ਕਿ ਮੈਂ ਹੀ ਕਰਤਾ ਹਾਂ।

**ਭਗਵਤ ਗੀਤਾ**

✪ **ਕਹਿਣੀ ਤੇ ਕਰਨੀ:-** ਜਿਵੇਂ ਖਾਧੇ ਹੋਏ ਭੋਜਨ ਨਾਲੋਂ ਪਚਿਆ ਹੋਇਆ ਭੋਜਨ ਮਨੁੱਖ ਨੂੰ ਤਾਕਤਵਰ ਬਣਾਉਂਦਾ ਹੈ, ਉਸੇ ਤਰ੍ਹਾਂ ਕਥਨੀ ਨਾਲੋਂ ਕਰਨੀ ਮਨੁੱਖ ਨੂੰ ਗੁਣੀ ਸਿੱਧ ਕਰਦੀ ਹੈ।

**ਮਹਾਂ ਭਾਰਤ**

✪ **ਕਰਮਾਂ ਦਾ ਫ਼ਲ:-** ਤੈਨੂੰ ਸਿਰਫ਼ ਕਰਮ ਕਰਨ ਦਾ ਹੀ ਅਧਿਕਾਰ ਹੈ, ਉਸ ਦੇ ਫ਼ਲ 'ਤੇ ਕੋਈ ਅਧਿਕਾਰ ਨਹੀਂ। ਤੇਰਾ ਨਿਸ਼ਾਨਾ ਕਰਮਾਂ ਦਾ ਫ਼ਲ ਕਦੇ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਤੇਰਾ ਲਗਾਉ, ਨਾ ਕਰਨ ਵਾਲੇ ਵੱਲ ਹੋਣਾ ਚਾਹੀਦਾ ਹੈ।

**ਭਗਵਤ ਗੀਤਾ**

✪ ਜਦੋ ਕੋਈ ਮਨੁੱਖ ਇੰਦਰੀਆਂ ਨੂੰ ਸੁੱਖ ਦੇਣ ਵਾਲੀਆਂ ਵਸਤੂਆਂ ਤੇ ਆਪਣਾ ਮਨ ਲਗਾਈ ਰੱਖਦਾ ਹੈ ਤਾਂ ਉਸ ਅੰਦਰ ਇਹਨਾਂ ਵਸਤੂਆਂ ਪ੍ਰਤੀ ਸਨੇਹ ਪੈਦਾ ਹੋ ਜਾਂਦਾ ਹੈ। ਇਸ ਸਨੇਹ ਤੋਂ ਇਛਾਵਾਂ ਦਾ ਜਨਮ ਹੁੰਦਾ ਹੈ ਅਤੇ ਇਹੀ ਇੱਛਾਵਾਂ ਬਾਅਦ ਵਿਚ ਕ੍ਰੋਧ ਨੂੰ ਪੈਦਾ ਕਰਦੀਆਂ ਹਨ।

**ਭਗਵਤ ਗੀਤਾ**

✪ ਇਸ ਧਰਤੀ ਉੱਪਰ ਗਿਆਨ ਵਰਗਾ ਪਵਿੱਤਰ ਕਰ ਦੇਣ ਵਾਲਾ ਹੋਰ ਕੋਈ ਸਾਧਨ ਨਹੀਂ ਹੈ।

**ਭਗਵਤ ਗੀਤਾ**

# ਬੱਚਿਆਂ ਦਾ ਪੰਨਾ

## "ਬੁਰਾ-ਭਲਾ ਕੌਣ ਹੈ"

ਕ੍ਰਿਸ਼ਨ ਭਗਵਾਨ ਜੀ ਬੈਠੇ ਸਨ ਕਿ ਦੁਰਯੋਧਨ ਆ ਗਿਆ। ਦੁਰਯੋਧਨ ਪਾਂਡਵਾਂ ਕਾਰਨ ਆਪ ਪ੍ਰੇਸ਼ਾਨ ਰਹਿੰਦਾ ਸੀ ਅਤੇ ਪ੍ਰੇਸ਼ਾਨ ਬੰਦੇ ਨੂੰ ਸਾਰੇ ਪ੍ਰੇਸ਼ਾਨ ਹੀ ਦਿਖਾਈ ਦਿੰਦੇ ਹਨ। ਉਸਨੂੰ ਭਗਵਾਨ ਕ੍ਰਿਸ਼ਨ ਜੀ ਵੀ ਪ੍ਰੇਸ਼ਾਨ ਨਜ਼ਰ ਆਏ। ਫਿਰ ਉਹ ਭਗਵਾਨ ਕ੍ਰਿਸ਼ਨ ਨੂੰ ਕਹਿਣ ਲੱਗਾ, " ਹੇ ਪ੍ਰਭੂ ! ਕੀ ਗਲ ਹੈ? ਤੁਸੀਂ ਅੱਜ ਬਹੁਤ ਪ੍ਰੇਸ਼ਾਨ ਦਿਖਾਈ ਦੇ ਰਹੇ ਹੋ? ਤਾਂ ਪ੍ਰਭੂ ਜੀ ਅੱਗੋਂ ਕਿਹਾ ਕਿ - "ਹਾਂ ਦੁਰਯੋਧਨ, ਜੇ ਕਰ ਕੋਈ ਪ੍ਰੇਸ਼ਾਨੀ ਭਰਿਆ ਮਨੁੱਖ ਮਿਲ ਜਾਵੇ ਤਾਂ ਮਨ ਪ੍ਰੇਸ਼ਾਨ ਹੋ ਹੀ ਜਾਂਦਾ ਹੈ।" ਫਿਰ ਪ੍ਰਭੂ ਜੀ ਕਹਿਣ ਲਗੇ ਕਿ- "ਅੱਛਾ ! ਦੁਰਯੋਧਨ ! ਜਾਹ, ਜਾ ਕੇ- ਕੋਈ ਅਜਿਹਾ ਪੁਰਸ਼ ਲੱਭ ਕੇ ਲਿਆ, ਜੋ ਅੱਛਾ ਹੋਵੇ, ਭਲਾ ਹੋਵੇ, ਪ੍ਰੇਸ਼ਾਨ ਨਾ ਹੋਵੇ। ਜਿਸਨੂੰ ਵੇਖ ਕੇ ਮਨ ਖੁਸ਼ ਹੋ ਜਾਵੇ।" ਭਗਵਾਨ ਕ੍ਰਿਸ਼ਨ ਜੀ ਦਾ ਇਹ ਹੁਕਮ ਸੁਣ ਕੇ ਦੁਰਯੋਧਨ 'ਭਲਾ ਪੁਰਸ਼' ਲੱਭਣ ਵਾਸਤੇ ਚਲਾ ਗਿਆ।

ਦੁਰਯੋਧਨ ਗਿਆ ਹੀ ਸੀ ਕਿ ਯੁਧਿਸਟਰ ਉੱਠ ਕੇ ਆ ਗਿਆ। ਉਸਨੇ ਭਗਵਾਨ ਕ੍ਰਿਸ਼ਨ ਜੀ ਦੇ ਚਰਨਾਂ 'ਤੇ ਬੜੀ ਹੀ ਨਿਮਰਤਾ ਸਹਿਤ ਨਮਸਕਾਰ ਕੀਤੀ ਤਾਂ ਮਨ ਖਿੜ੍ਹ ਗਿਆ, ਅਤੇ ਕਹਿਣ ਲੱਗਾ ਕਿ "ਹੇ ਪ੍ਰਭੂ-ਅੱਜ ਤਾਂ ਆਪ ਜੀ ਬੜੇ ਹੀ ਪ੍ਰੰਸਨ ਨਜਰ ਆ ਰਹੇ ਹੋ!" ਅਤੇ ਖੁਸ਼ੀ ਭਰੇ ਹਿਰਦੇ ਨਾਲ ਅਰਜ਼ ਕਰਨ ਲੱਗਾ ਕਿ- "ਹੇ ਪ੍ਰਭੂ ! ਅੱਜ ਤਾਂ ਕੋਈ ਭੈੜਾ ਬੰਦਾ, ਬੁਰਾ ਬੰਦਾ ਆਕੇ ਆਪ ਜੀ ਦੇ ਇਲਾਹੀ ਮੁੱਖੜੇ ਦੇ ਦਰਸ਼ਨ ਕਰ ਲੈਂਦਾ ਤਾਂ ਉਸਨੇ ਬਖਸ਼ਿਆ ਜਾਣਾ ਸੀ। ਇਹ ਸੁਣ ਕੇ ਪ੍ਰਭੂ ਜੀ ਹੱਸ ਪਏ ਅਤੇ ਕਹਿਣ ਲੱਗੇ- ਅੱਛਾ ਯੁਧਿਸਟਰ ਜੇ ਇਹ ਗੱਲ ਹੈ ਤਾਂ ਜਾਹ ਜਾਕੇ ਕੋਈ ਭੈੜਾ ਬੰਦਾ, ਬੁਰਾ ਬੰਦਾ ਲੱਭ ਕੇ ਲਿਆ ! ਜਾ ਛੇਤੀ ਕਰ, ਲਿਆ ਕੋਈ ਬੁਰਾ ਬੰਦਾ ਅੱਜ ਉਸਨੂੰ ਬਖਸ਼ ਦਈਏ। ਫਿਰ ਯੁਧਿਸਟਰ ਵੀ- ਪ੍ਰਭੂ ਦਾ ਹੁਕਮ ਸੁਣ ਕੇ ਕੋਈ ਬੁਰਾ ਬੰਦਾ ਲਭੱਣ ਚਲਾ ਗਿਆ।

ਕੁਝ ਚਿਰ ਬਾਅਦ ਦੋਨੋਂ ਹੀ ਖਾਲੀ ਹੱਥ ਆ ਗਏ। ਪ੍ਰਭੂ ਜੀ ਨੇ ਦੁਰਯੋਦਨ ਨੂੰ ਪੁੱਛਿਆ ਕਿ "ਲਿਆ ਬਈ ਉਹ ਭਲਾ ਪੁਰਸ਼ ! ਲਿਆਦਾਂ ਨਹੀਂਓ ਕੋਈ ! !" ਤਾਂ ਦੁਰਯੋਦਨ ਕਹਿਣ ਲਗਾ ਕਿ "ਹੇ ਪ੍ਰਭੂ ! ਭਲਾ ਪੁਰਸ਼ ਮੈਂ ਸਾਰੇ ਪਾਸੇ ਢੂੰਡਿਆ ਪਰ ਮੇਰੇ ਤੋਂ ਬਿਨਾਂ ਭਲਾ ਪੁਰਸ਼ ਕੋਈ ਨਜਰ ਨਹੀਂ ਆਇਆ।" ਇਹ ਸੁਣ ਕੇ ਭਗਵਾਨ ਚੁੱਪ ਕਰ ਗਏ। ਫਿਰ ਯੁਧਿਸਟਰ ਨੂੰ ਪੁੱਛਿਆ ਤਾਂ ਬੜੀ ਹੀ ਅਧੀਨਗੀ ਨਾਲ ਦੋਨੋਂ ਹੱਥ ਜੋੜ ਕੇ ਕਹਿਣ ਲੱਗਾ ਕਿ "ਹੇ ਪ੍ਰਭੂ ! ਮੈਂ ਸਾਰੇ ਪਾਸੇ, ਬੁਰੇ ਪੁਰਸ਼ ਬਾਰੇ ਬਹੁਤ ਹੀ ਗਹਿਰਾਈ ਨਾਲ ਵੇਖਿਐ ਪਰ ਮੇਰੇ ਤੋਂ ਮਾੜਾ ਬੰਦਾ, ਭੈੜਾ ਬੰਦਾ ਨਹੀਂ ਮਿਲਿਆ ! ਹੇ ਪ੍ਰਭੂ ਮੈਨੂੰ ਬਖਸ਼ ਦਿਓ। ਹੇ ਦਾਤਾ ਜੀ ਮੇਰੇ ਔਗੁਣ ਬਖਸ਼ ਦਿਓ।" ਇਹ ਸੁਣ ਭਗਵਾਨ ਕ੍ਰਿਸਨ ਜੀ ਨੇ ਯੁਧਿਸਟਰ ਨੂੰ ਗਲਵੱਕੜੀ ਵਿਚ ਲੈ ਲਿਆ ਅਤੇ ਅਤਿਅੰਤ ਖੁਸ਼ੀਆਂ ਬਖਸ਼ੀਆਂ ।

ਸੋ ਕਿਸੇ ਬਾਰੇ ਬੁਰੇ ਖਿਆਲ ਸਾਡੇ ਅਦੰਰ ਨਹੀਂ ਹੋਣੇ ਚਾਹੀਦੇ। ਕਿਸੇ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ ।ਗੁਰਬਾਣੀ ਵਿੱਚ ਵੀ ਗੁਰੂ ਸਾਹਿਬਾਂ ਨੇ ਲਿਖਿਆ ਹੈ ਕਿ -"ਹਮ ਨਹੀ ਚੰਗੇ ਬੁਰਾ ਨਹੀ ਕੋਇ॥ "

ਇਸ ਪ੍ਰਥਾਏ ਭਾਈ ਗੁਰਦਾਸ ਜੀ ਨੇ ਇਕ ਸ਼ਬਦ ਵੀ ਲਿਖਿਆ ਹੈ—

"ਆਪਿ ਭਲਾ ਸਭੁ ਜਗੁ ਭਲਾ, ਭਲਾ ਭਲਾ ਸਭਨਾ ਕਰਿ ਦੇਖੈ॥  
ਆਪਿ ਬੁਰਾ ਸਭੁ ਜਗੁ ਬੁਰਾ, ਸਭ ਕੋ ਬੁਰਾ ਬੁਰੇ ਦੇ ਲੇਖੈ ॥  
ਕਿਸਨੁ ਸਹਾਈ ਪਾਂਡਵਾਂ ਭਾਇ ਭਗਤਿ ਕਰਤੂਤਿ ਵਿਸੇਖੈ ॥  
ਵੈਰ ਭਾਉ ਚਿਤਿ ਕੈਰਵਾਂ ਗਣਤੀ ਗਣਨਿ ਅੰਦਰਿ ਕਾਲੇਖੈ॥  
ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ॥  
ਬੁਰਾ ਨਾ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ॥  
ਕਰਵੈ ਹੋਇ ਸੁ ਟੋਟੀ ਰੇਖੈ॥ "

ਸੋ ਪਿਆਰੇ ਬੱਚਿਓ, ਵੱਡਿਆਂ ਦਾ ਸਤਿਕਾਰ ਕਰੋ। ਛੋਟਿਆਂ ਨਾਲ ਪਿਆਰ ਕਰੋ। ਨਿਰਮਾਣਤਾ ਦੇ ਧਾਰਨੀ ਬਣੋ। ਆਪਸੀ ਭਾਈਚਾਰਾ, ਆਪਸੀ ਮਿਲਵਰਤਨ ਸਦਾ ਰੱਖੋ। ਕਿਸੇ ਨੂੰ ਮਾੜਾ ਬਚਨ ਨਾ ਬੋਲੋ॥ ਸਦਾ ਗੁਰੂ ਦਾ ਖੌਫ਼ ਰੱਖੋ।

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖ਼ਬਰਨਾਮਾ

## ਕੇਂਦਰ ਸਰਕਾਰ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ 200 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਕੌਮੀ ਪੱਧਰ ਤੇ ਪੂਰੇ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਵੇਗਾ :

ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸ੍ਰੀ ਨਰਿੰਦਰ ਮੋਦੀ, ਮਾਨਯੋਗ ਪ੍ਰਧਾਨ ਮੰਤਰੀ ਜੀ ਵੱਲੋਂ ਮਿਤੀ 15.12.2016 ਨੂੰ ਫੈਸਲਾ ਲਿਆ ਗਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ 200 ਸਾਲਾ ਪ੍ਰਕਾਸ਼ ਸ਼ਤਾਬਦੀ ਕੇਂਦਰ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਵੱਲੋਂ ਪੂਰੇ ਸ਼ਾਨੋ ਸ਼ੌਕਤ ਨਾਲ ਕੌਮੀ ਪੱਧਰ ਤੇ ਮਨਾਈ ਜਾਵੇਗੀ । ਜਿਸ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਸ਼ਤਾਬਦੀ ਅਤੇ ਪੰਡਿਤ ਦੀਨ ਦਿਆਲ ਉਪਾਧਿਆ ਜੀ ਦਾ 100 ਸਾਲਾ ਪ੍ਰਕਾਸ਼ ਸ਼ਤਾਬਦੀ ਕੌਮੀ ਪੱਧਰ ਤੇ ਮਨਾਈ ਜਾ ਰਹੀ ਹੈ । ਇਸ ਸਬੰਧੀ ਸ੍ਰੀ ਰਾਜਨਾਥ ਸਿੰਘ ਜੀ ਮਾਨਯੋਗ ਹਿ ਮੰਤਰੀ ਭਾਰਤ ਸਰਕਾਰ ਦੀ ਪ੍ਰਧਾਨਗੀ ਹੇਠ ਇਕ ਉੱਚ ਪੱਧਰੀ ਕਮੇਟੀ Nic (National Implementation Committee) ਗਠਿਤ ਕੀਤੀ ਗਈ ਸੀ । ਇਸ ਕਮੇਟੀ ਦੀ ਪਿਛਲੇ ਦਿਨੀਂ ਮਿਤੀ 30.07.2018 ਨੂੰ ਇਕ ਮੀਟਿੰਗ ਕਮਰਾ ਨੰਬਰ 119, ਨਾਰਥ ਬਲਾਕ, ਨਵੀਂ ਦਿੱਲੀ ਵਿਖੇ ਹੋਈ ਸੀ । ਇਸ ਮੀਟਿੰਗ ਵਿਚ ਸ੍ਰੀ ਰਾਜਨਾਥ ਸਿੰਘ ਜੀ, ਕੇਂਦਰੀ ਗ੍ਰਹਿ ਮੰਤਰੀ, ਸ੍ਰੀ ਪੀਯੂਸ਼ ਗੋਇਲ, ਕੇਂਦਰੀ ਵਿੱਤ ਮੰਤਰੀ ਅਤੇ ਰੇਲਵੇ ਮੰਤਰੀ, ਡਾ. ਮਹੇਸ਼ ਸ਼ਰਮਾ, ਕੇਂਦਰੀ ਸਭਿਆਚਾਰਕ ਮੰਤਰੀ, ਸ੍ਰੀ ਐਸ.ਐਸ. ਆਹਲੂਵਾਲੀਆ, ਕੇਂਦਰੀ ਮੰਤਰੀ ਇਲੈਕਟ੍ਰਾਨਿਕਸ ਤੇ ਸੂਚਨਾ ਤਕਨਾਲੋਜੀ, ਸਕੱਤਰ ਭਾਰਤ ਸਰਕਾਰ ਸੱਭਿਆਚਾਰਕ ਮੰਤਰਾਲਾ ਅਤੇ ਹੋਰ ਸਬੰਧਤ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜਰ ਸਨ । ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਵੱਲੋਂ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸ੍ਰੀ ਸੁਰਿੰਦਰ ਸਿੰਘ ਨਾਮਧਾਰੀ, ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਅਜੀਤ ਸਿੰਘ ਨਾਮਧਾਰੀ ਅਤੇ ਸ੍ਰੀ ਅਮਰਜੀਤ ਸਿੰਘ ਸਕੱਤਰ ਨਾਮਧਾਰੀ ਦਰਬਾਰ, ਸ੍ਰੀ ਗੁਰਸੇਵ ਸਿੰਘ (ਸੈਕਟਰੀ) ਕੂਕਾ ਸ਼ਹੀਦ ਯਾਦਗਾਰੀ ਟ੍ਰਸਟ, ਸੂਬਾ ਜਗਤਾਰ ਸਿੰਘ ਭੱਟੀ ਅਤੇ ਸ੍ਰੀ ਐਸ.ਪੀ. ਸਿੰਘ ਹਾਜ਼ਿਰ ਸਨ । ਮੀਟਿੰਗ ਦੌਰਾਨ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਵੱਲੋਂ ਭੇਜੇ ਗਏ ਏਜੰਡੇ ਨੂੰ ਵਿਸਥਾਰਪੂਰਵਕ ਡਿਸਕਸ ਕੀਤਾ ਗਿਆ ਅਤੇ ਕੁਝ ਇਤਿਹਾਸ ਫੈਸਲੇ ਲਏ ਗਏ ਸਨ, ਜਿੰਨਾਂ ਬਾਰੇ ਇਸ ਮੀਟਿੰਗ ਦੇ ਮਿੰਟਸ ਅਪਰੂਵ ਹੋਣ ਤੋਂ ਬਾਅਦ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ ।

## ਬੀਬੀ ਲਖਵੀਰ ਕੌਰ ਨਮਿਤ ਭੋਗ ਸਮਾਗਮ

18 ਅਗਸਤ 2018 ਈ: ਦਿਨ ਸ਼ਨੀਵਾਰ ਨੂੰ ਬੀਬੀ ਲਖਵੀਰ ਕੌਰ ਦੇ ਭੋਗ 'ਤੇ ਸਤਿਗੁਰੂ ਜੀ ਨੇ ਕਰੀਵਾਲੇ ਦਰਸ਼ਨ ਦਿੱਤੇ। ਬੀਬੀ ਲਖਵੀਰ ਕੌਰ ਧਰਮ ਪਤਨੀ ਸ: ਸੁਖਦੇਵ ਸਿੰਘ ਝੱਬਰ ਨੰਬਰਦਾਰ ਕਰੀਵਾਲਾ 31 ਜੁਲਾਈ ਨੂੰ 75 ਸਾਲ ਦੀ ਉਮਰ ਭੋਗ ਅਕਾਲ ਚਲਾਣਾ ਕਰ ਗਏ ਸਨ। ਪਰਿਵਾਰ ਦਾ ਫੁਰਨਾ ਸੀ ਕਿ ਭੋਗ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਜਾਵੇ ਕਿਉਂਕਿ ਸਤਿਗੁਰੂ ਜੀ ਪਿਛਲੇ ਦਿਨਾਂ ਵਿਚ ਵਿਦੇਸ਼ੀ ਦੌਰੇ ਉੱਤੇ ਸਨ। ਭੋਗ ਸਮਾਗਮ ਵਿਚ ਜਥੇ: ਗੁਰਲਾਲ ਸਿੰਘ ਨੇ ਵੈਰਾਗ ਮਈ ਕੀਰਤਨ ਕੀਤਾ। ਬੀਬੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਵਿਰਕ ਜੀ ਨੇ ਕਿਹਾ ਇਹ ਬੀਬੀ ਸੁਹਰਿਆਂ ਤੇ ਪੇਕਿਆਂ ਵਲੋਂ ਟਕਸਾਲੀ ਨਾਮਧਾਰੀ ਸੀ। ਉਸ ਦੇ ਪਿਤਾ ਸ: ਗੁਰਦਿਆਲ ਸਿੰਘ ਨੱਥੂ ਚੱਕ ਵਾਲੇ ਸਨ ਤੇ ਮਾਤਾ ਕਿਰਪਾਲ ਕੌਰ ਜੋ ਨਾਮਧਾਰੀਆਂ ਦੇ ਪ੍ਰਸਿਧ ਬਾਬਾ ਬਘੇਲ ਸਿੰਘ ਨਾਰਲੀ ਪਰਿਵਾਰ ਨਾਲ ਸੰਬੰਧਿਤ ਸੀ। ਬੀਬੀ ਦੀਆਂ ਦੋ ਹੋਰ ਭੈਣਾਂ ਹਨ, ਸਭ ਤੋਂ ਛੋਟੀ ਬੀਬੀ ਸੰਤ ਨਗਰ ਕਾਮਰੇਡ ਜਸਵੰਤ ਸਿੰਘ ਜੋਸ਼ ਵੱਲ ਤੇ ਛੋਟੀ ਗੋਲਾ ਫਾਰਮ ਯੂ. ਪੀ. ਵਿਖੇ ਸਵ: ਫੌਜਾ ਸਿੰਘ ਝੱਬਰ ਵੱਲ ਵਿਆਹੀ ਸੀ। ਬੀਬੀ ਦਾ ਵੱਡਾ ਭਾਈ ਸੁਖਦੇਵ ਸਿੰਘ ਸਿੱਧੂ ਛੋਟਾ ਬਲਦੇਵ ਸਿੰਘ ਨੰਬਰਦਾਰ ਖੈਰਪੁਰ (ਸਿਰਸਾ) ਹੈ। ਬੀਬੀ ਦਾ ਭਤੀਜਾ ਰਣਧੀਰ ਸਿੰਘ ਸਿਰਸਾ ਨਗਰ ਪਾਲਿਕਾ ਦਾ ਕਾਰਜਕਾਰੀ ਪ੍ਰਧਾਨ ਹੈ। ਬੀਬੀ ਦੇ ਰਤਨ ਸਿੰਘ, ਹਰਭਜਨ ਸਿੰਘ,

ਸੀਤਲ ਸਿੰਘ ਅਤੇ ਰਵੇਲ ਸਿੰਘ ਚਾਰ ਸਪੁੱਤਰ ਅਤੇ ਇਕ ਪੁੱਤਰੀ ਹਰਜਿੰਦਰ ਕੌਰ ਸੁਖਪਾਲ ਸਿੰਘ ਸਿਆੜ੍ਹੀਏ ਨਾਲ ਵਿਆਹੀ ਹੈ। ਪੁੱਤ, ਪੋਤਿਆਂ, ਦੋਹਤਿਆਂ ਵਾਲਾ ਵੱਡਾ ਪਰਿਵਾਰ ਹੈ। ਕਰੀਵਾਲੇ ਸ: ਰਜਵੰਤ ਸਿੰਘ ਝੱਬਰ, ਸ: ਅਵਤਾਰ ਸਿੰਘ ਝੱਬਰ ਦਾ ਇਹ ਪਰਿਵਾਰ ਆਪਣੀ ਹਲੀਮੀ ਮਿਹਨਤੀ ਸੁਭਾਅ, ਨੇਕ ਨੀਅਤੀ ਸਦਕਾ ਇਲਾਕੇ ਵਿਚ ਜਾਣਿਆ ਜਾਂਦਾ ਹੈ। ਇਸ ਮੌਕੇ ਤੇ ਸਤਿਗੁਰੂ ਜੀ ਨੇ ਬਚਨ ਕਰਦਿਆਂ ਕਿਹਾ ਇਸ ਪਰਿਵਾਰ ਉਤੇ ਸਤਿਗੁਰੂ ਪਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਸ: ਸੁਖਦੇਵ ਸਿੰਘ ਅਤੇ ਬਲਦੇਵ ਸਿੰਘ ਦੋਹਾਂ ਭਰਾਵਾਂ ਨੂੰ ਇਹ ਕਹਿ ਕੇ ਅਪਾਰ ਬਖਸ਼ਿਸ਼ਾਂ ਵੰਡਦੇ ਇਹ ਦੇਸ਼ ਬਟਵਾਰੇ ਤੋਂ ਬਾਅਦ ਮੁੜ੍ਹ ਵਸੇਬੇ ਲਈ ਵੱਡੀ ਸੇਵਾ ਨਿਭਾਉਣ ਵਾਲੇ ਸ: ਅਵਤਾਰ ਸਿੰਘ ਝੱਬਰ ਦੇ ਪੁੱਤਰ ਹਨ। ਇਸ ਮੌਕੇ ਤੇ ਚੌਧਰੀ ਰਣਜੀਤ ਸਿੰਘ ਸਾਬਕਾ ਐਮ. ਪੀ., ਸ. ਮਲਕੀਤ ਸਿੰਘ ਖੋਸਾ, ਪੰਡਿਤ ਹੁਸ਼ਿਆਰੀ ਲਾਲ ਸ਼ਰਮਾ, ਚੌਧਰੀ ਓਮ ਪ੍ਰਕਾਸ਼ ਕੇਹਰ ਵਾਲਾ, ਜਸਵੀਰ ਸਿੰਘ ਜੱਸਾ, ਕਸ਼ਮੀਰ ਸਿੰਘ ਕਰੀਵਾਲਾ, ਸ਼ਸ਼ੀ ਪਾਲ ਕੰਬੋਜ, ਪਵਨ ਬੈਨੀਵਾਲ, ਡਾ. ਵੇਦ ਬੈਨੀਵਾਲ, ਇਤਿਆਦਿ ਸ਼ਖ਼ਸੀਅਤਾਂ ਹਾਜਰ ਸਨ। ਗੁਰਦੇਵ ਸਿੰਘ ਵਿਰਕ Advocate (ਐਡਵੋਕੇਟ) ਨੇ ਬਹੁਤ ਸਾਰੀਆਂ ਸੰਸਥਾਵਾਂ ਅਤੇ ਵਿਅਕਤੀਆਂ ਵੱਲੋਂ ਆਏ ਸ਼ੋਕ ਸੁਨੇਹੇ ਪੜ੍ਹੇ। ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

---

## ਸ.ਸੁਖਦੇਵ ਸਿੰਘ ਭੰਗੂਰ ਨਮਿਤ ਭੋਗ ਸਮਾਗਮ

ਸ. ਸੁਖਦੇਵ ਸਿੰਘ 7 ਅਗਸਤ ਬਾਅਦ ਦੁਪਹਿਰ ਤਿੰਨ ਵਜੇ 67 ਸਾਲ ਦੀ ਉਮਰ ਭੋਗ ਗੁਰ ਚਰਨਾਂ ਵਿੱਚ ਜਾ ਬਿਰਾਜੇ। ਉਹਨਾ ਦੇ ਨਮਿਤ ਸਹਿਜ ਪਾਠ ਦਾ ਭੋਗ 19 ਓਗਸਤ 2018 ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਸ. ਸੁਖਦੇਵ ਸਿੰਘ ਜੀ ਭੰਗੂਰ, ਸ. ਉਮਰਾਉ ਸਿੰਘ ਕੱਕੜ ਅਤੇ ਮਾਤਾ ਨਰਿੰਦਰ ਕੌਰ ਲੋਪੋਕੇ ਦੇ ਸਪੁੱਤਰ ਸਨ। ਦੇਸ਼ ਬਟਵਾਰੇ ਬਾਅਦ ਇਹ ਪਰਿਵਾਰ ਭੰਗੂਰ ਵਿਚ ਵੱਸ ਗਿਆ ਸੀ। ਸੁਖਦੇਵ ਸਿੰਘ ਦੇ ਦਾਦਾ ਜੀ ਸੰਤ ਗੁਲਾਬ ਸਿੰਘ ਨਾਮਧਾਰੀ ਪੰਥ ਦੇ ਪ੍ਰਸਿੱਧ ਸਾਧੂ ਸਨ। ਸੁਖਦੇਵ ਤੋਂ ਬਿਨਾਂ ਇਹਨਾਂ ਦੇ ਪੰਜ ਭਾਈ ਹਨ। ਜਿਨ੍ਹਾਂ ਵਿਚੋਂ ਸੁਰਗਵਾਸੀ ਜੁਗਿੰਦਰ ਸਿੰਘ, ਸੁਖਚੈਨ ਸਿੰਘ ਨੰਬਰਦਾਰ, ਰਘਬੀਰ ਸਿੰਘ ਸੇਵਾ ਮੁਕਤ ਸੁਪਰਡੈਂਟ ਸੈਸ਼ਨ ਕੋਰਟ, ਕਸ਼ਮੀਰ ਸਿੰਘ, ਬਲਵਿੰਦਰ ਸਿੰਘ ਸਰਪੰਚ ਅਤੇ ਇੱਕ ਭੈਣ ਸੁਖਵੰਤ ਕੌਰ ਛੇਹਰਟਾ ਸਾਹਿਬ ਰਹਿੰਦੇ ਹਨ। ਸ. ਸੁਖਦੇਵ ਸਿੰਘ ਦਾ ਅਨੰਦ ਕਾਰਜ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਇਸ ਦੰਪਤੀ ਦੇ ਚਾਰ ਲੜਕੇ ਤ੍ਰਲੋਕ ਸਿੰਘ, ਅਨੋਖ ਸਿੰਘ, ਅਪਾਰ ਸਿੰਘ, ਭਗਵਾਨ ਸਿੰਘ ਹਨ। ਸੁਖਦੇਵ ਸਿੰਘ ਨੂੰ ਮਸਤਾਨਗੜ੍ਹ ਦੀ ਖੇਤੀ-ਬਾੜੀ ਦੀ ਜ਼ਿੰਮੇਵਾਰੀ ਸਤਿਗੁਰੂ ਜੀ ਨੇ ਦਿੱਤੀ ਜੋ ਉਨ੍ਹਾਂ ਤਨ-ਦੇਹੀ ਨਾਲ ਨਿਭਾਈ। ਕਈ ਸਾਲ ਮਸਤਾਨਗੜ੍ਹ ਸੇਵਾ ਕਰਦੇ ਰਹੇ ਫਿਰ ਹੁਕਮ ਅਨੁਸਾਰ ਆਪਣੇ ਭਾਈ ਸੁਖਚੈਨ ਸਿੰਘ ਅਤੇ ਹੋਰ ਨੌਜੁਆਨ ਸੇਵਾ ਕਰਦੇ ਰਹੇ। ਸਤਿਗੁਰੂ ਜੀ ਦੇ ਹੁਕਮ ਨਾਲ ਵੱਡੇ ਤੋਂ ਵੱਡਾ ਸਫਲਤਾ ਪੂਰਵਕ ਸਿਰੇ ਚਾੜ੍ਹਿਆ। ਸਤਿਗੁਰੂ ਜੀ ਦਾ ਬਚਨ ਮੰਨਣ ਵਿਚ ਉਸਨੇ ਕਦੇ ਵੀ ਅੱਧੇ ਅਧੂਰੇ ਮਨ ਨਾਲ ਕੋਈ ਵੀ ਕਾਰਵਾਈ ਨਹੀਂ ਕੀਤੀ। ਭੋਗ ਸਮਾਗਮ ਦੀ ਸਮਾਪਤੀ 9:30 ਵਜੇ ਕਰ ਦਿੱਤੀ ਕਿਉਂ ਕਿ ਸਤਿਗੁਰੂ ਜੀ ਨੇ ਰਾਇਕੋਟ ਸ਼ਹੀਦਾਂ ਦੇ ਮੇਲੇ ਤੇ ਦਰਸ਼ਨ ਦੇਣੇ ਸਨ। ਰਾਗੀ ਹਰਬੰਸ ਸਿੰਘ ਨੇ ਵਿਰਾਗ ਮਈ ਕੀਰਤਨ ਕੀਤਾ। ਕਾਮਰੇਡ ਸੁਵਰਨ ਸਿੰਘ ਵਿਰਕ ਨੇ ਸੁਖਦੇਵ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਅਤੇ ਪਰਿਵਾਰ ਵੱਲੋਂ ਆਈ ਸੰਗਤ ਦਾ ਧੰਨਵਾਦ ਕੀਤਾ। ਸਤਿਗੁਰੂ ਜੀ ਨੇ ਪਰਿਵਾਰ ਨੂੰ ਆਉਂਦਿਆਂ ਹੀ ਵੱਖਰੇ ਦਰਸ਼ਨ ਦੇ ਸੁਖਦੇਵ ਸਿੰਘ ਹੁਰਾਂ ਦਾ ਬੇਵਖਤ ਅਤੇ ਅਚਾਨਕ ਵਿਛੋੜੇ ਦੀ ਧੀਰਜ ਬਣਾਈ। ਇਸ ਸਮੇਂ ਵੱਡੇ ਪੁੱਤਰ ਤ੍ਰਲੋਕ ਸਿੰਘ ਦੇ ਸੀਸ ਤੇ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਨਾਲ ਦਸਤਾਰ ਸਜਾਈ। ਬਾਬਾ ਅਜੀਤ ਸਿੰਘ ਗੁਰਦੁਆਰਾ ਕਿਲ੍ਹਾ ਸਾਹਿਬ ਕਾਰ ਸੇਵਾ ਵਾਲਿਆਂ ਦੇ ਸੇਵਕ ਬਾਬਾ ਜਗਤਾਰ ਸਿੰਘ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾ. ਗੁਰਚਰਨ ਸਿੰਘ ਅਤੇ ਮਾਲਕ ਸਿੰਘ ਕੰਗ ਨੇ ਸਿਰੋਪਾਓ ਭੇਟ ਕੀਤੇ। ਇਸ ਸਮੇਂ ਬਹੁਤ ਸਾਰੀਆਂ ਸਮਾਜਿਕ , ਰਾਜਨੀਤਿਕ , ਧਾਰਮਿਕ ਸੰਸਥਾਵਾਂ ਵੱਲੋਂ ਸ਼ੋਕ ਮਤੇ ਆਏ। ਵਿਸ਼ੇਸ਼ ਕਰਕੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ ਅਤੇ ਹਰਿਆਣਾ ਕਾਂਗਰਸ ਅਸ਼ੋਕ ਭੰਵਰ ਵੱਲੋਂ ਸ਼ੋਕ ਮਤੇ ਆਏ। ਇਸ ਸਮੇਂ ਡਾ. ਕੇ. ਵੀ. ਸਿੰਘ, ਪੰ. ਹੁਸ਼ਿਆਰੀ ਲਾਲ ਸ਼ਰਮਾ, ਜਸਵੀਰ ਸਿੰਘ ਰਿਆੜ, ਗੋਬਿੰਦ ਕਾਂਡਾ, ਨਵੀਨ ਕੇਡੀਆ, ਧਰਮਪਾਲ ਸੇਵਾ ਮੁਕਤ ਡੀ.ਸੀ., ਐਡਵੋਕੇਟ ਸਰਦਾਰ ਰਣਜੀਤ ਸਿੰਘ, ਰਾਹੁਲ ਸੇਠੀਆ, ਮਲਕੀਤ ਸਿੰਘ ਖੋਸਾ, ਕਸ਼ਮੀਰ ਸਿੰਘ ਇਤਿਆਦ, ਸ਼ਖ਼ਸੀਅਤਾਂ ਮੌਜੂਦ ਸਨ।

---

**ਸਤਿਜੁਗ ਆਪ ਪੜ੍ਹੋ ਅਤੇ ਹੋਰਾਂ ਨੂੰ ਵੀ ਪੜ੍ਹਾਓ।**

## ਰਾਏਕੋਟ ਵਿਖੇ- ਮਹਾਨ ਸ਼ਹੀਦੀ ਸਮਾਗਮ

**ਰਾਏਕੋਟ**- 5 ਅਗਸਤ 1871 ਈ: ਨੂੰ ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਗੁਰਮੁਖ ਸਿੰਘ ਮਹਾਨ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਰਾਏਕੋਟ ਨਾਮਧਾਰੀ ਸ਼ਹੀਦੀ ਸਮਾਰਕ 19 ਅਗਸਤ 2018 ਈ: ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਭਾਰਤ ਦੀ ਆਜ਼ਾਦੀ ਖਾਤਿਰ ਨਾਮਧਾਰੀ ਸੂਰਬੀਰ ਯੋਧਿਆਂ ਨੇ ਹੱਸਦੇ-ਹੱਸਦੇ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲਾਂ ਵਿਚ ਪਾ ਕੇ ਸ਼ਹਾਦਤ ਦਾ ਜਾਮ ਪੀਤਾ। ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਇਹ ਸ਼ਹੀਦੀ ਮੇਲਾ ਮਨਾਇਆ ਗਿਆ।

ਸੂਬਾ ਹਰਭਜਨ ਸਿੰਘ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ, ਜਿਸ ਵਿਚ ਅੰਮ੍ਰਿਤ ਵੇਲੇ ਨਾਮਧਾਰੀ ਵਿਦਿਅਕ ਜੱਥਾ ਰਾਮਪੁਰਾ ਫੂਲ ਦੇ ਨੌਜੁਆਨਾਂ ਨੇ ਹਵਨ ਕੀਤਾ। ਜਥੇਦਾਰ ਅਮਰੀਕ ਸਿੰਘ ਨੇ ਲੁਧਿਆਣੇ ਦੇ ਨੌਜੁਆਨਾਂ ਨਾਲ ਮਿਲਕੇ ਵਾਰੇ ਦੇ ਰੂਪ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਸ਼ਹੀਦਾਂ ਦੀ ਯਾਦ ਵਿਚ ਸਧਾਰਣ ਪਾਠਾਂ ਦੇ ਭੋਗ ਪਾਏ ਗਏ। ਫਿਰ ਇਸ ਤੋਂ ਬਾਅਦ ਦੀਵਾਨਾਂ ਦਾ ਪ੍ਰਵਾਹ ਸ਼ੁਰੂ ਹੋਇਆ। ਜਥੇਦਾਰ ਜਸਪਾਲ ਸਿੰਘ, ਕਵੀਸ਼ਰ ਜੋਗਾ ਸਿੰਘ ਜੀ, ਕਵੀਸ਼ਰੀ ਜਥਾ ਵਲਟੋਹੇ ਵਾਲਿਆਂ ਨੇ, ਜਥੇਦਾਰ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ, ਜਥੇਦਾਰ ਸੂਬਾ ਨਿਰੰਜਨ ਸਿੰਘ ਟਮਕੌਡੀ, ਜਥੇਦਾਰ ਸੁਰਿੰਦਰ ਸਿੰਘ ਜੀ, ਲੁਧਿਆਣੇ ਦੀਆਂ ਬੀਬੀਆਂ ਦੇ ਜਥੇ ਨੇ, ਜਥੇਦਾਰ ਹਰਪਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਹੱਲੇ ਦੇ ਦੀਵਾਨ ਸਜਾਏ। ਇਸੇ ਦੌਰਾਨ ਹੀ ਬੀਬੀ ਅਨੁਪ੍ਰੀਤ ਕੌਰ ਰਾਮਪੁਰਾ ਫੂਲ, ਕਵੀ ਹਜਾਰਾ ਸਿੰਘ ਮੰਡ (ਨਿਹੰਗ) ਸ੍ਰੀ ਭੈਣੀ ਸਾਹਿਬ, ਅਤੇ ਸਵਿੰਦਰ ਸਿੰਘ ਨਾਮਧਾਰੀ ਲੁਧਿਆਣਾ ਨੇ ਸ਼ਹੀਦਾਂ ਦੀ ਯਾਦ ਵਿਚ ਕਵਿਤਾਵਾਂ ਪੜ੍ਹੀਆਂ। ਇਨ੍ਹਾਂ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਕਾਮਰੇਡ ਸੁਵਰਨ ਸਿੰਘ ਵਿਰਕ, ਸ: ਕੁਲਵੰਤ ਸਿੰਘ ਸਿੱਧੂ, ਸੁਖਵਿੰਦਰ ਸਿੰਘ ਗਰੇਵਾਲ ਬੀ.ਜੇ.ਪੀ. ਅਤੇ ਸੂਬਾ ਸੁਰਿੰਦਰ ਕੌਰ ਖਰਲ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਉਪਰੰਤ ਸ਼ਹੀਦਾਂ ਦੇ ਪਰਿਵਾਰਾਂ ਨੂੰ ਅਤੇ ਪੁਲਿਸ ਅਧਿਕਾਰੀਆਂ ਨੂੰ ਵੀ ਸਨਮਾਨਿਤ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ਼ਹੀਦਾਂ ਪ੍ਰਤੀ ਪਵਿੱਤਰ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਭੈਣੀ ਸਾਹਿਬ ਦੇ ਸੰਤ ਸੁਖਵਿੰਦਰ ਸਿੰਘ ਵੱਲੋਂ ਲਗਾਈ ਗਈ ਚਿੱਤਰ ਪ੍ਰਦਰਸ਼ਨੀ ਤੋ ਸੰਗਤ ਨੇ ਇਤਿਹਾਸ ਨਾਲ ਨੇੜਤਾ ਬਣਾਈ ਜੋ ਮੇਲੇ ਵਿੱਚ ਖਿੱਚ ਦਾ ਕੇਂਦਰ ਰਹੀ।

**ਸਟੇਜ ਦੀ ਸਕੱਤਰਤਾ**- ਜਥੇਦਾਰ ਅਮਰੀਕ ਸਿੰਘ ਜੀ ਅਤੇ ਡਾ. ਲਖਵੀਰ ਸਿੰਘ ਜੀ ਨੇ ਬਾਖੂਬੀ ਨਿਭਾਈ।

**ਮੇਲੇ ਦੀ ਸੇਵਾ**- ਰਾਏਕੋਟ ਦੀ ਸੱਮੁਚੀ ਸੰਗਤ ਅਤੇ ਲੁਧਿਆਣੇ ਤੋਂ ਸੰਤ ਸਰਦਾਰਾ ਸਿੰਘ ਦੇ ਸਮੁੱਚੇ ਪਰਿਵਾਰ ਨੇ ਤਨ, ਮਨ ਤੇ ਧਨ ਨਾਲ ਕੀਤੀ।

---

## ਸ੍ਰੀ ਜੀਵਨ ਨਗਰ ਇਲਾਕੇ ਦਾ ਦੌਰਾ

**18 ਅਗਸਤ** ਦਿੱਲੀ ਤੋਂ ਆਸਾ ਦੀ ਵਾਰ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਹਿਤ ਸ੍ਰੀ ਜੀਵਨ ਨਗਰ ਇਲਾਕੇ ਨੂੰ ਚਾਲੇ ਪਾਏ। ਰਸਤੇ ਵਿੱਚ ਫਤਿਹਾਬਾਦ ਦੀ ਸਮੂਹ ਸੰਗਤ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਦੇ ਦਰਸ਼ਨਾਂ ਵਾਸਤੇ ਅੱਖੀਆਂ ਵਿਛਾਈ ਖਲੋਤੀ ਸੀ। ਇੰਤਜ਼ਾਰ ਦੀਆਂ ਘੜੀਆਂ ਖ਼ਤਮ ਹੋਈਆਂ ਜਦੋਂ ਸ੍ਰੀ ਸਤਿਗੁਰੂ ਜੀ ਨੇ ਸੰਗਤ ਨੂੰ ਆ ਨਿਵਾਜਿਆ। ਸਾਧ ਸੰਗਤ ਨੇ ਅਰਜ਼ ਕੀਤੀ ਕਿ ਅਸੀਂ ਲੰਗਰ ਹਾਲ ਬਣਾਉਣਾ ਹੈ, ਆਪ ਜੀ ਨੀਂਹ ਪੱਥਰ ਰੱਖਣ ਦੀ ਕਿਰਪਾ ਕਰੋ। ਸ੍ਰੀ ਸਤਿਗੁਰੂ ਜੀ ਨੇ ਅਰਜ਼ ਪ੍ਰਵਾਨ ਕਰ ਆਪਣੇ ਕਰ ਕਮਲਾਂ ਦੁਆਰਾ ਲੰਗਰ ਹਾਲ ਦਾ ਨੀਂਹ ਪੱਥਰ ਰੱਖਿਆ। ਉਪਰੰਤ ਆਪਣੇ ਆਸਣ ਤੇ ਸੁਭਾਇਮਾਨ ਹੋਏ। ਸੰਗਤਾਂ ਨੇ ਚਰਨ ਪਰਸੇ, ਸਤਿਗੁਰੂ ਜੀ ਸਭ ਨੂੰ ਖੁਸ਼ੀਆਂ ਵੰਡਦੇ ਹੋਏ, ਅੱਗੇ ਚਾਲੇ ਪਾ ਦਿੱਤੇ।

ਫਿਰ ਅਮਰਾਸਰ ਗੁਰੂ ਚਰਨਾਂ ਦੇ ਪ੍ਰੀਤਵਾਨ ਸਿੱਖ ਸੰਤ ਅਜੀਤ ਸਿੰਘ ਜੀ ਸੇਹਵਾ ਸਾਬੀਆਂ ਦੇ ਭੋਗ ਤੇ ਆ ਦਰਸ਼ਨ ਦਿੱਤੇ। ਭੋਗ ਤੋਂ ਬਾਅਦ ਕੁਝ ਚਿਰ ਮਸਤਾਨਗੜ੍ਹ ਰੁਕਣ ਤੋਂ ਬਾਅਦ ਕਰੀਵਾਲੇ ਸੰਤ ਸੁਖਦੇਵ ਸਿੰਘ ਝੱਬਰ ਦੀ ਘਰਵਾਲੀ ਬੀਬੀ ਲਖਵੀਰ ਕੌਰ ਦੇ ਭੋਗ ਤੇ ਦਰਸ਼ਨ ਦਿੱਤੇ।

ਉਸ ਤੋਂ ਬਾਅਦ ਫਿਰ ਸ੍ਰੀ ਸਤਿਗੁਰੂ ਜੀ ਮਸਤਨਗੜ੍ਹ ਆ ਲੋੜਵੰਦਾਂ ਦੀਆਂ ਅਰਜ਼ਾਂ ਸੁਣੀਆਂ। ਕੁੱਝ ਸਮਾਂ ਆਰਾਮ ਕਰਨ ਤੋਂ ਬਾਅਦ ਫ਼ਸਲਾਂ ਵੱਲ ਹੁੰਦੇ ਹੋਏ, ਸਕੂਲ, ਕਾਲਜ਼ ਅਤੇ ਗਰਾਊਂਡ ਵਿੱਚ ਖਿਡਾਰੀ ਬੱਚਿਆਂ ਤੇ ਕਿਰਪਾ ਕਰਦੇ ਹੋਏ, ਦੁਬਾਰਾ ਫਿਰ ਮਸਤਾਨਗੜ੍ਹ ਆ ਦਰਸ਼ਨ ਦਿੱਤੇ। ਰਾਤ ਸਾਢੇ ਸੱਤ ਵਜੇ ਐਲਨਾਬਾਦ ਵਿਖੇ ਦਰਸ਼ਨ ਦਿੱਤੇ ਅਤੇ ਰਘੁਬੀਰ ਸਿੰਘ, ਮੁਖਤਿਆਰ ਸਿੰਘ, ਸੁਖਦੇਵ ਸਿੰਘ ਅਤੇ ਮੱਖਣ ਸਿੰਘ ਦੀਆਂ ਫ਼ੈਕਟਰੀਆਂ ਵਿੱਚ ਚਰਨ ਪਾਉਂਦੇ ਹੋਏ ਮਸਤਾਨਗੜ੍ਹ ਆ ਬਿਰਾਜੇ।

**19-8-2018**: ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਐਲਨਾਬਾਦ ਦੀ ਸੰਗਤ ਵੱਲੋਂ ਆਰੰਭੇ ਜੱਪ ਪ੍ਰਯੋਗ ਤੇ ਸੰਗਤ ਦੀ ਅਰਜ਼ ਪ੍ਰਵਾਨ ਕਰਦਿਆਂ ਹੋਇਆਂ ਸਵੇਰੇ ਸਵਾ ਚਾਰ ਦਰਸ਼ਨ ਦਿੱਤੇ। ਸੰਗਤਾਂ ਦਰਸ਼ਨ ਕਰ ਨਿਹਾਲ ਹੋਈਆਂ। ਫਿਰ 4.45 ਤੇ ਸੰਤ ਨਗਰ ਵਿਖੇ ਨਗਰ

ਨਿਵਾਸੀਆਂ ਵੱਲੋਂ ਸ੍ਰੀ ਸਤਿਗੁਰੂ ਪ੍ਰਤਾਪ ਜੀ ਦੀ ਯਾਦ ਵਿੱਚ ਮਨਾਏ ਜਾ ਰਹੇ 5 ਭਾਦਰੋਂ ਦੇ ਮੇਲੇ ਤੇ ਲੱਗੀ ਆਸਾ ਦੀ ਵਾਰ ਵਿੱਚ ਜਾ ਦਰਸ਼ਨ ਦਿੱਤੇ। ਆਸਾ ਦੀ ਵਾਰ ਦੇ ਨਾਲ ਹੀ ਸ੍ਰੀ ਸਤਿਗੁਰੂ ਪ੍ਰਤਾਪ ਜੀ ਦੀ ਯਾਦ ਵਿੱਚ ਦੋ ਪਾਠਾਂ ਦੇ ਭੋਗ ਪਾਏ ਗਏ ਅਤੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੀ ਯਾਦ ਵਿੱਚ ਕਵਿਤਾਵਾਂ ਵੀ ਪੜ੍ਹੀਆਂ। ਉਪਰੰਤ ਸ੍ਰੀ ਸਤਿਗੁਰੂ ਜੀ ਗਊਸ਼ਾਲਾ ਵਿਖੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ ਤੇ ਨਾਲ ਹੀ ਟਿੱਬਾ ਫ਼ਾਰਮ 'ਤੇ ਫਸਲ ਵੇਖਦੇ ਹੋਏ ਰਾਣੀਆਂ ਵਿਖੇ ਸੰਤ ਜਸਵੰਤ ਸਿੰਘ ਦੇ ਘਰ ਦਰਸ਼ਨ ਦਿੱਤੇ। ਪਿਛਲੇ ਦਿਨੀਂ ਇਹਨਾਂ ਦੇ ਜਵਾਨ ਪੁੱਤਰ ਜਗਦੀਸ਼ ਦਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਸਤਿਗੁਰੂ ਜੀ ਨੇ ਪਰਵਾਰ ਨੂੰ ਹੌਂਸਲਾ ਦਿੱਤਾ ਅਤੇ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਤੇ ਅੱਗੇ ਨੂੰ ਚਾਲੇ ਪਾ ਦਿੱਤੇ।

ਰਸਤੇ ਵਿੱਚ ਓਟੂ ਵਿਖੇ ਪ੍ਰੀਤਵਾਨ ਸਿੱਖ ਬੇਲਦਾਰ ਜਸਬੀਰ ਸਿੰਘ ਦੇ ਘਰ ਚਰਨ ਪਾਏ। ਉਸ ਤੋਂ ਬਾਅਦ ਗੁਰੂ ਘਰ ਦੇ ਬਹੁਤ ਹੀ ਸ਼ਰਧਾਲੂ ਸਿੱਖ ਸੰਤ ਸੁਖਦੇਵ ਸਿੰਘ ਭੰਗੂਰ ਵਾਲਿਆਂ ਦੇ ਭੋਗ 'ਤੇ ਆ ਦਰਸ਼ਨ ਦਿੱਤੇ।

ਇਸ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਰਾਏਕੋਟ ਸ਼ਹੀਦੀ ਮੇਲੇ ਲਈ ਰਵਾਨਾ ਹੋਏ। ਰਸਤੇ ਵਿੱਚ ਸੂਬਾ ਬਲਜੀਤ ਸਿੰਘ ਮਾਨਸਾ ਦੇ ਘਰ ਚਰਨ ਪਾ ਕੇ, ਰਾਏਕੋਟ ਮੇਲੇ ਤੇ ਆ ਦਰਸ਼ਨ ਦਿੱਤੇ।

**-ਗੁਰਮੀਤ ਸਿੰਘ ਚਾਨਾ,ਐਲਨਾਬਾਦ**
**70153-70755**

# ਪ੍ਰਤੀਕਿਰਿਆ

**ਪਰਮ ਸਤਿਕਾਰ ਯੋਗ ਸੰਪਾਦਕੀ ਮੰਡਲ,**
**ਸਤਿ ਸ੍ਰੀ ਅਕਾਲ**

ਅੱਜ ਅਚਾਨਕ ਡਾਕੀਆ ਦੋ ਲਿਫ਼ਾਫ਼ੇ ਪੱਤਰਕਾਂ ਦੇ ਘਰ ਸੁੱਟ ਗਿਆ, ਦੇਖਿਆ ਤਾਂ 'ਸਤਿਜੁਗ' ਮੈਗਜ਼ੀਨ ਇਸ ਨਵੇਂ ਸਰੂਪ 'ਚ ਪ੍ਰਕਾਸ਼ਿਤ ਕੀਤਾ ਮਿਲਿਆ। ਬਹੁਤ ਹੀ ਖੁਸ਼ੀ ਹੋਈ। ਇਕ ਵਾਰ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਤਾਜ਼ਾ ਹੋਈ। 50ਵੇਂ 60ਵੇਂ ਦਸ਼ਕ ਵਿੱਚ ਸਤਿਜੁਗ ਮਹੀਨੇ ਬਾਅਦ ਆਇਆ ਕਰਦਾ ਸੀ। ਖੁਸ਼ੀ ਇਸ ਗੱਲ ਦੀ ਵੀ ਹੈ ਕਿ ਹੁਣ ਸੰਭਾਲਣਾ ਅਸਾਨ ਹੋਵੇਗਾ।

ਕਈ ਵਾਰ ਅਸੀਂ ਮਨ 'ਚ ਕੁਝ ਚਿਤਵਦੇ ਹਾਂ। ਸਤਿਗੁਰੂ ਐਸੀ ਕਿਰਪਾ ਕਰਦਾ ਹੈ ਕੁਝ ਸਮੇਂ 'ਚ ਹੀ ਇੱਛਾ ਪੂਰੀ ਹੋ ਜਾਂਦੀ ਹੈ। ਕੁਝ ਦਿਨ ਪਹਿਲਾਂ ਘਰ ਵਿਚਾਰਦੇ ਸਾਂ ਕਿ ਸਤਿਜੁਗ ਤੇ ਵਰਿਆਮ ਨਹੀਂ ਆ ਰਿਹਾ, ਐਤਕੀਂ ਫੀਸ ਭੇਜਣ ਦਾ ਵਿਚਾਰ ਕੀਤਾ ਕਿ ਪੱਤਰਕਾਵਾਂ ਆਉਣ।

ਹਰ ਇਨਸਾਨ ਦੀ ਆਪਣੀ ਆਦਤ ਹੁੰਦੀ ਹੈ ਮੇਰੀ ਆਦਤ ਹੈ ਪੜ੍ਹਨ ਦੀ, ਕੁਝ ਨਾ ਕੁਝ ਪੜ੍ਹਨਾ, ਖ਼ਾਸ ਕਰਕੇ ਇਤਿਹਾਸ, 'ਸਤਿਜੁਗ' ਪਹੁੰਚਣ ਤੇ ਬਹੁਤ ਖੁਸ਼ੀ ਹੋਈ। ਧੰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ।

ਪੰਜਾਬ ਤੋਂ ਬਾਹਰ ਵਸਦੇ ਪੰਜਾਬੀਆਂ ਦੇ ਬੱਚੇ ਮਾਂ-ਬੋਲੀ ਪੰਜਾਬੀ ਤੋਂ ਮੁਨਕਰ ਹਨ। ਕਿਉਂਕਿ ਉਹਨਾਂ ਨੂੰ ਸਕੂਲਾਂ ਵਿਚ ਹਿੰਦੀ, ਅੰਗਰੇਜ਼ੀ ਪੜ੍ਹਾਈ ਜਾਂਦੀ ਹੈ। ਆਪਣੀ ਸੰਸਕ੍ਰਿਤੀ ਨਾਲ ਜੋੜਨ ਲਈ ਇਤਿਹਾਸ, ਸੰਸਕਾਰ, ਮਰਿਆਦਾ, ਹਿੰਦੀ ਅੰਗਰੇਜ਼ੀ ਵਿੱਚ ਹੀ ਪ੍ਰਸਤੁਤ ਕੀਤੇ ਜਾਣ।ਆਪ ਵਿਦਵਾਨ ਹੋ ਇਸ ਵੱਲ ਧਿਆਨ ਦਿਓਗੇ।

ਸਤਿਜੁਗ ਦੇ ਸੰਪਾਦਕ ਮੰਡਲ ਦੇ ਸਭ ਮੈਂਬਰ ਸਾਹਿਬਾਨ ਉੱਚ ਕੋਟੀ ਦੇ ਵਿਦਵਾਨ, ਲਿਖਾਰੀ, ਵਿਆਖਿਆਕਾਰ ਹਨ। ਮੈਂ ਸਭ ਨੂੰ ਨਜ਼ਦੀਕ ਤੋਂ ਜਾਣਦਾ ਹਾਂ, ਸਭ ਦਾ ਦਿਲੋਂ ਆਦਰ ਸਤਿਕਾਰ ਕਰਦਾ ਹਾਂ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੁਮਾਲੜੇ ਹੋ। ਆਪ ਸੁਝਾਅ ਮੰਨ ਕੇ ਨਿਮਰਤਾ ਦਾ ਪ੍ਰਗਟਾਵਾ ਕੀਤਾ ਹੈ। ਆਪ ਜੋ ਵੀ ਸਤਿਜੁਗ ਪਤ੍ਰਿਕਾ ਲਈ ਕਰੋਗੇ, ਵਧੀਆ ਕਰੋਗੇ।

ਸਤਿਗੁਰੂ ਜੀ ਆਪ ਪਰ ਨਜ਼ਰ ਸਵਲੀ ਰੱਖੇ।

ਧੰਨਵਾਦ।

**ਸੇਵਕ- ਡਾ. ਡੀ. ਐਸ. ਮਠਾੜੂ ਭਿਲਾਵੀ**
**ਮੋਬਾਈਲ- 94063-77076, 70004-90031**

# ਭੁੱਲ ਦੀ ਸੋਧ

- 9-15 ਅਗਸਤ ਦੇ ਅੰਕ ਵਿੱਚ, ਸੁਵਰਨ ਸਿੰਘ ਵਿਰਕ ਦੇ ਲੇਖ "ਜ਼ਰਾ ਯਾਦ ਕਰੋ ਕੁਰਬਾਨੀ" ਦੇ ਪੰਨਾ ਨੰ:10, ਦੂਜੇ ਕਾਲਮ ਦੇ ਤੀਜੇ ਪਹਿਰੇ ਦੀ ਨੌਂਵੀ ਸਤਰ ਵਿੱਚ 'ਮੌਲਮੀਨ ਵਿੱਚ' ਤੋਂ ਅੱਗੇ ਪੜ੍ਹਿਆ ਜਾਵੇ- ਨਿਰਵਾਸਤ ਕੂਕੇ ਸੂਬੇ, ਲੱਖਾ ਸਿੰਘ ਮਲੌਦ ਵਾਲਿਆਂ ਨੇ ਇਸ ਤੋਂ ਚਾਰ ਸਾਲ ਪਹਿਲਾਂ ਜਲਾਵਤਨੀ ਵਿੱਚ'- 5 ਫਰਵਰੀ 1903 ਨੂੰ ਆਖਰੀ ਸਾਹ ਲਿਆ ਸੀ।

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਜੀ ਸ.ਸੁਖਦੇਵ ਸਿੰਘ ਭੰਗੂਰ ਦੇ ਭੋਗ ਤੇ ਦਰਸ਼ਨ ਦਿੰਦੇ ਹੋਏ।



ਸ੍ਰੀ ਸਤਿਗੁਰੂ ਜੀ ਐਲਨਾਵਾਦ ਵਿਖੇ ਜੱਪ ਪ੍ਰਯੋਗ ਦੇ ਸ਼ੁਭ ਆਰੰਭ ਤੇ ਦਰਸ਼ਨ ਦਿੰਦੇ ਹੋਏ।





ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਨੂੰ ਰਾਸਟਰੀ ਪੱਧਰ ਤੇ ਮਨਾਉਣ ਸੰਬੰਧੀ ਭਾਰਤ ਸਰਕਾਰ ਨਾਲ ਮੀਟਿੰਗ।



ਰਾਏਕੋਟ ਮੇਲੇ ਤੇ ਵੱਖ-ਵੱਖ ਬੁਲਾਰੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹੋਏ।

Date of Publication: 29-08-2018,
Date of Posting: 30-31Aug. 2018

RNI NO. 55658/93 Delhi Postal Regd. No. DL(W) 01/2055/18-20

ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਆਦਿ
ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਦੇ ਹੋਏ।



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.